SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 78 | Friday, April 26, 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕੈਫੀਯੇਹ ਪਾਉਣ ਕਾਰਨ ਐਮਪੀਪੀ ਸਾਰਾਹ ਜਾਮਾ ਨੂੰ ਵਿਧਾਨਸਭਾ 'ਚੋਂ ਸਪੀਕਰ ਨੇ ਬਾਹਰ ਜਾਣ ਦੇ ਦਿੱਤੇ ਹੁਕਮ

ਓਨਟਾਰੀਓ, 25 ਅਪਰੈਲ (ਪੋਸਟ ਬਿਊਰੋ) : ਵੀਰਵਾਰ ਨੂੰ ਓਨਟਾਰੀਓ ਵਿਧਾਨਸਭਾ ਵਿੱਚ ਕੈਫੀਯੇਹ ਉਤਾਰਨ ਲਈ ਆਖੇ ਜਾਣ ਤੋਂ ਬਾਅਦ ਵੀ ਇਸ ਹੁਕਮ ਨੂੰ ਨਾ ਮੰਨਣ ਕਾਰਨ ਆਜ਼ਾਦ ਐਮਪੀਪੀ ਸਾਰਾਹ ਜਾਮਾ ਨੂੰ ਵਿਧਾਨਸਭਾ ਤੋਂ ਬਾਹਰ ਜਾਣ ਲਈ ਆਖਿਆ ਗਿਆ।

ਜ਼ਿਕਰਯੋਗ ਹੈ ਕਿ ਹਾਊਸ ਦੇ ਸਪੀਕਰ ਟੈੱਡ ਆਰਨੌਟ ਨੇ ਰਵਾਇਤੀ ਫਲਸਤੀਨੀ ਸਕਾਰਫ ਕੈਫੀਯੇਹ ਵਿਧਾਨਸਭਾ ਵਿੱਚ ਪਾਉਣ ਉੱਤੇ ਪਾਬੰਦੀ ਲਗਾਈ ਹੋਈ ਹੈ। ਉਨ੍ਹਾਂ ਵੱਲੋਂ ਇਸ ਲਈ ਇਹ ਤਰਕ ਦਿੱਤਾ ਗਿਆ ਸੀ ਕਿ ਕੈਫੀਯੇਹ ਸਿਆਸੀ ਸਟੇਟਮੈਂਟ ਦੇਣ ਲਈ ਪਾਏ ਜਾਂਦੇ ਹਨ। ਪਿਛਲੇ ਸਾਲ ਐਨਡੀਪੀ ਕਾਕਸ ਤੋਂ ਬਾਹਰ ਕੀਤੇ ਜਾਣ ਤੋਂ ਬਾਅਦ ਜਾਮਾ ਹੈਮਿਲਟਨ-ਸੈਂਟਰ ਤੋਂ ਆਜ਼ਾਦ ਮੈਂਬਰ ਵਜੋਂ ਵਿਧਾਨਸਭਾ ਵਿੱਚ ਬੈਠਦੀ ਹੈ। ਇਸ ਤੋਂ ਬਾਅਦ ਉਸ ਨੂੰ ਵਿਧਾਨਸਭਾ ਦੇ ਮਾਮਲਿਆਂ ਵਿੱਚ ਵੋਟ ਪਾਉਣ ਜਾਂ ਕਿਸੇ ਵੀ ਕਮੇਟੀ ਜਾਂ ਪੇਸ਼ ਕੀਤੇ ਜਾਣ ਵਾਲੇ ਮਤੇ ਵਿੱਚ ਹਿੱਸਾ ਲੈਣ



ਦਾ ਹੱਕ ਨਹੀਂ ਹੈ।

ਆਰਨੌਟ ਨੇ ਆਖਿਆ ਕਿ ਜੇ ਉਹ ਕੈਫੀਯੇਹ ਨਹੀਂ ਹਟਾ ਸਕਦੀ ਤਾਂ ਵਿਧਾਨਸਭਾ ਤੋਂ ਬਾਹਰ ਚਲੀ ਜਾਵੇ। ਜਾਮਾ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਕਲਰਕ ਤੇ ਸਾਰਜੈਂਟ ਐਟ ਆਰਮਜ਼ ਦੋਵਾਂ ਨੇ ਜਾਮਾ ਨਾਲ ਗੱਲ ਕੀਤੀ ਪਰ ਕਿਸੇ ਨੇ ਉਸ ਨੂੰ ਜਬਰੀ ਬਾਹਰ ਨਹੀਂ ਕੱਢਿਆ। ਆਰਨੌਟ ਨੇ ਬਾਅਦ ਵਿੱਚ ਆਖਿਆ ਕਿ ਉਹ ਐਨੀ ਹੱਦ ਤੱਕ ਨਹੀਂ ਜਾਣਾ ਚਾਹੁੰਦੇ। ਇਸ ਹਫਤੇ ਵਿੱਚ ਜਾਮਾ ਨੇ ਦੂਜੀ ਵਾਰੀ ਵਿਧਾਨਸਭਾ ਵਿੱਚ ਸਕਾਰਫ ਪਾਇਆ ਤੇ ਉਸ ਨੇ ਆਖਿਆ ਕਿ ਉਹ ਇਹ ਪਾਉਣਾ ਜਾਰੀ ਰੱਖੇਗੀ ਤੇ ਲੋਕਾਂ ਨੂੰ ਇਹ ਚੇਤੇ ਕਰਵਾਉਂਦੀ ਰਹੇਗੀ ਕਿ ਇਹ ਸੱਭਿਆਚਾਰਕ ਕੱਪੜਾ ਹੈ।

## ਰਿਹਾਇਸ਼ੀ ਬਿਲਡਿੰਗ ਵਿੱਚੋਂ ਮਿਲੀ ਵਿਅਕਤੀ ਦੀ ਲਾਸ਼, ਹੋਮੀਸਾਈਡ ਯੂਨਿਟ ਕਰ ਰਹੀ ਹੈ ਜਾਂਚ

ਟੋਰਾਂਟੋ, 25 ਅਪਰੈਲ (ਪੋਸਟ ਬਿਊਰੋ) : ਸਿਟੀ ਦੇ ਪੂਰਬੀ ਸਿਰੇ ਉੱਤੇ ਇੱਕ ਰਿਹਾਇਸ਼ੀ ਬਿਲਡਿੰਗ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਐਮਰਜੰਸੀ ਅਮਲੇ ਨੂੰ ਸਵੇਰੇ 11:00 ਵਜੇ ਮੌਰਨਿੰਗਸਾਈਡ ਐਵਨਿਊ ਨੇੜੇ ਲਾਅਰੈਂਸ ਐਵਨਿਊ ਈਸਟ ਉੱਤੇ ਸਥਿਤ ਬਿਲਡਿੰਗ ਵਿੱਚੋਂ ਮੈਡੀਕਲ ਸ਼ਿਕਾਇਤ ਮਿਲੀ। ਪੁਲਿਸ



ਨੇ ਦੱਸਿਆ ਕਿ ਅਪਾਰਟਮੈਂਟ ਵਿੱਚ ਮ੍ਰਿਤਕ ਵਿਅਕਤੀ ਦੀ ਜਾਣਕਾਰੀ ਦੇ ਕੇ ਪੈਰਾਮੈਡਿਕਸ ਵੱਲੋਂ ਉਨ੍ਹਾਂ ਨੂੰ ਚੌਕਸ ਕੀਤਾ ਗਿਆ। ਇਹ ਵੀ ਦੱਸਿਆ ਗਿਆ ਕਿ ਕੋਈ ਇਸ ਯੂਨਿਟ ਵਿੱਚ ਦਾਖਲ ਹੋਇਆ ਸੀ ਤੇ ਉਸ ਨੂੰ ਇੱਕ ਵਿਅਕਤੀ ਮ੍ਰਿਤਕ ਮਿਲਿਆ।

ਮ੍ਰਿਤਕ ਦੀ ਪਛਾਣ 40 ਸਾਲਾ ਮੁਹੰਮਦ ਮੋਅਬਦੱਲਾ ਮੁਹੰਮਦ, ਜਿਸ ਨੂੰ ਮੁਹੰਮਦ ਅਵਦ ਵਜੋਂ ਵੀ ਜਾਣਿਆ ਜਾਂਦਾ ਸੀ, ਵਜੋਂ ਹੋਈ ਹੈ। ਜਾਂਚਕਾਰਾਂ ਨੇ ਦੱਸਿਆ ਕਿ ਮੁਹੰਮਦ ਦੀ ਮੌਤ ਕਿਹੋ ਜਿਹੇ ਹਾਲਾਤ ਵਿੱਚ ਹੋਈ ਇਸ ਬਾਰੇ ਕੋਈ ਜਾਂਣਕਾਰੀ ਨਹੀਂ ਹੈ ਪਰ ਉਸ ਦੇ ਸ਼ਰੀਰ ਉੱਤੇ ਜ਼ਖ਼ਮ ਮਿਲੇ ਹਨ ।

AFTER 8 YEARS OF
TRUDEAU
ਟਰੂਡੋ ਦੇ
8 ਸਾਲਾਂ ਦੇ ਬਾਅਦ
VIOLENT CRIME ਹਿੰਸਕ ਅਪਰਾਧ 39%
GANG KILLINGS ਗੈਂਗ ਕਤਲ 108%
SHOOTINGS ਗੋਲੀਬਾਰੀ 101%
Common Sense Conservatives will restore safe communities through jail, not bail, for dangerous, repeat, violent offenders.
ਕਾਮਨ ਸੈਂਸ ਕੰਜ਼ਰਵੇਟਿਵ ਅਸੀਂ ਸੁਰੱਖਿਅਤ ਭਾਈਚਾਰਕ ਸਾਂਝ ਨੂੰ ਬਹਾਲ ਕਰਾਂਗੇ, ਖ਼ਤਰਨਾਕ ਅਪਰਾਧੀਆਂ ਨੂੰ ਜੇਲ ਭੇਜ ਕੇ ਨਾ ਕਿ ਉਹਨਾਂ ਨੂੰ ਜ਼ਮਾਨਤਾਂ ਦੇਕੇ।
JASRAJ SINGH HALLAN MP
CALGARY FOREST LAWN
PIERRE POILIEVRE
LEADER OF THE OFFICIAL OPPOSITION
JASRAJSINGH.HALLAN@PARL.GC.CA • 403-207-3030
JASRAJMP.CA

## ਅਪਾਰਟਮੈਂਟ 'ਚ ਦਾਖਲ ਹੋ ਕੇ ਲੁਟੇਰਿਆਂ ਨੇ ਚਲਾਈ ਗੋਲੀ, 1 ਹਲਾਕ

ਇਟੋਬੀਕੋ, 25 ਅਪਰੈਲ (ਪੋਸਟ ਬਿਊਰੋ) : ਇਟੋਬੀਕੋ ਦੀ ਇੱਕ ਰਿਹਾਇਸ਼ੀ ਬਿਲਡਿੰਗ ਦੇ ਇੱਕ ਅਪਾਰਟਮੈਂਟ ਵਿੱਚ ਹਿੰਸਕ ਤੌਰ ਉੱਤੇ ਦਾਖਲ ਹੋ ਕੇ 30 ਸਾਲਾ ਵਿਅਕਤੀ ਦੀ ਜਾਨ ਲੈਣ ਵਾਲੇ ਤਿੰਨ ਮਸ਼ਕੂਕਾਂ ਦੀ ਪੁਲਿਸ ਭਾਲ ਕਰ ਰਹੀ ਹੈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਜਾਂਚਕਾਰਾਂ ਨੇ ਦੱਸਿਆ ਕਿ ਵੀਰਵਾਰ ਨੂੰ ਤੜਕੇ 2:30 ਵਜੇ ਤੋਂ ਪਹਿਲਾਂ ਤਿੰਨ ਮਸ਼ਕੂਕ ਲੇਕ ਸ਼ੋਰ ਬੁਲੇਵਾਰਡ ਵੈਸਟ ਤੇ ਲਾਂਗ ਬ੍ਰਾਂਚ ਐਵਨਿਊ ਦੇ ਇੱਕ ਅਪਾਰਟਮੈਂਟ ਵਿੱਚ ਜਬਰੀਂ ਇੱਕ ਫਲੈਟ ਵਿੱਚ ਦਾਖਲ ਹੋ ਗਏ ਤੇ ਕੀਮਤੀ ਸਮਾਨ



ਦੀ ਮੰਗ ਕਰਨ ਲੱਗੇ। ਇਸ ਸੰਘਰਸ਼ ਵਿੱਚ ਹੀ ਉਨ੍ਹਾਂ ਗੋਲੀ ਚਲਾ ਦਿੱਤੀ ਜਿਹੜੀ 30 ਸਾਲਾ ਵਿਅਕਤੀ ਨੂੰ ਲੱਗੀ। ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਉਸ ਦੀ ਪਛਾਣ ਟੋਰਾਂਟੋ ਦੇ ਮੈਥਿਊ ਬਰਗਾਰਟ ਵਜੋਂ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਹਾਦਸੇ ਸਮੇਂ ਬਰਗਾਰਟ ਆਪਣੇ ਦੋਸਤ ਦੇ ਘਰ ਆਇਆ ਹੋਇਆ ਸੀ। ਸੂਟਿੰਗ ਵਿੱਚ ਉਸ ਦੇ ਦੋਸਤ ਨੂੰ ਕੋਈ ਨੁਕਸਾਨ ਨਹੀਂ ਹੋਇਆ। ਟੋਰਾਂਟੋ ਪੁਲਿਸ ਦਾ ਮੰਨਣਾ ਹੈ ਕਿ ਇਸ ਘਟਨਾ ਨੂੰ ਸੋਚ ਸਮਝ ਕੇ ਅੰਜਾਮ ਦਿੱਤਾ ਗਿਆ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਮ੍ਰਿਤਕ ਨੂੰ ਮਸ਼ਕੂਕ ਜਾਣਦੇ ਸਨ। ਜਾਂਚਕਾਰਾਂ ਨੇ ਦੱਸਿਆ ਕਿ ਮਸ਼ਕੂਕਾਂ ਨੇ ਮੂੰਹ ਢਕੇ ਹੋਏ ਸਨ ਤੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ। ਉਹ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਚਿੱਟੀ ਜਾਂ ਹਲਕੇ ਰੰਗ ਦੀ ਸੇਡਾਨ ਵਿੱਚ ਸਵਾਰ ਹੋ ਕੇ ਪਹਿਲਾਂ ਲਾਂਗ ਬ੍ਰਾਂਚ ਦੇ ਦੱਖਣ ਵੱਲ ਗਏ ਤੇ ਫਿਰ ਲੇਕ ਸ਼ੋਰ ਬੁਲੇਵਾਰਡ ਦੇ ਪੱਛਮ ਵੱਲ ਚਲੇ ਗਏ।

## ਲੰਡਨ ਵਿਚ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਸੁਰੱਖਿਆ ਦਲ ਦੇ ਭੱਜੇ ਜਾ ਰਹੇ ਘੋੜੇ ਬੱਸ ਨਾਲ ਟਕਰਾਏ

ਲੰਡਨ, 25 ਅਪ੍ਰੈਲ (ਪੋਸਟ ਬਿਊਰੋ): ਬ੍ਰਿਟਿਸ਼ ਰਾਜਧਾਨੀ ਲੰਡਨ 'ਚ ਬੁੱਧਵਾਰ (24 ਅਪ੍ਰੈਲ) ਦੀ ਸਵੇਰ ਨੂੰ 5 ਘੋੜਿਆਂ ਨੂੰ ਸੜਕ 'ਤੇ ਬੇਤਰਤੀਬ ਦੌੜਦੇ ਦੇਖ ਕੇ ਲੋਕ ਹੈਰਾਨ ਰਹਿ ਗਏ। ਇਸ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਕੁਝ ਘੋੜੇ ਜ਼ਖਮੀ ਵੀ ਸਨ। ਉਨ੍ਹਾਂ ਦੇ ਸਰੀਰ ਵਿੱਚੋਂ ਖੂਨ ਨਿਕਲ ਰਿਹਾ ਸੀ। ਲੋਕਾਂ ਨੇ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ।

ਇਸ ਮਗਰੋਂ ਪੁਲਿਸ ਨੇ ਕਿਸੇ ਤਰ੍ਹਾਂ ਘੋੜਿਆਂ ਨੂੰ ਕਾਬੂ ਕਰਕੇ ਇਲਾਜ ਲਈ ਭੇਜ ਦਿੱਤਾ। ਬਾਅਦ ਵਿਚ ਪਤਾ ਲੱਗਾ ਕਿ ਇਹ ਸਾਰੇ ਘੋੜੇ ਬ੍ਰਿਟਿਸ਼ ਫੌਜ ਦੇ ਸਨ, ਜੋ ਸ਼ਾਹੀ ਪਰਿਵਾਰ ਦੀ ਸੁਰੱਖਿਆ ਸੰਭਾਲਣ



ਵਾਲੀ ਟੁਕੜੀ ਵਿਚ ਸ਼ਾਮਿਲ ਹਨ। ਸੈਂਟਰਲ ਲੰਡਨ ਦੇ ਐਲਡਵਿਚ ਰੋਡ 'ਤੇ ਘੋੜੇ ਦੌੜ ਰਹੇ ਸਨ, ਜਿਸ ਕਾਰਨ ਉੱਥੇ ਟ੍ਰੈਫਿਕ ਜਾਮ ਹੋ ਗਿਆ। ਘੋੜੇ ਇੱਕ ਡਬਲ ਡੈਕਰ ਬੱਸ ਅਤੇ ਕਈ ਵਾਹਨਾਂ ਨਾਲ ਵੀ ਟਕਰਾ ਗਏ। ਇਸ ਕਾਰਨ ਉਹ ਜ਼ਖਮੀ ਹੋ ਗਏ।

ਘਟਨਾ ਦੀ ਜਾਣਕਾਰੀ ਦਿੰਦੇ ਹੋਏ ਬ੍ਰਿਟਿਸ਼ ਆਰਮੀ ਨੇ ਦੱਸਿਆ ਕਿ ਬਕਿੰਘਮ ਪੈਲੇਸ ਨੇੜੇ ਬੇਲਗਰਾਵੀਆ 'ਚ 7 ਘੋੜਿਆਂ ਦੀ ਰਿਹਰਸਲ ਕੀਤੀ ਜਾ ਰਹੀ ਸੀ। ਇਹ ਰਸਮੀ ਰਿਹਰਸਲ ਹੈ ਜਿਸ ਨੂੰ ਟਰੂਪਿੰਗ ਦਿ ਕਲਰ ਕਿਹਾ ਜਾਂਦਾ ਹੈ। ਸਾਰੇ ਘੋੜੇ ਲਾਈਫ ਗਾਰਡਜ਼ ਦਲ ਦੇ ਸਨ ਜੋ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਸੁਰੱਖਿਆ ਲਈ ਤਾਇਨਾਤ ਹੈ।

ਫੌਜ ਨੇ ਅੱਗੇ ਕਿਹਾ ਕਿ ਬੇਲਗਰਾਵੀਆ ਦੇ ਕੋਲ ਉਸਾਰੀ ਦਾ ਕੰਮ ਚੱਲ ਰਿਹਾ ਸੀ। ਜ਼ਿਆਦਾ ਰੌਲਾ ਪੈਣ ਕਾਰਨ ਘੋੜੇ ਡਰ ਗਏ। 5 ਘੋੜਿਆਂ ਨੇ ਆਪਣੇ ਸਵਾਰਾਂ ਨੂੰ ਹੇਠਾਂ ਸੁੱਟ ਦਿੱਤਾ ਅਤੇ ਮੁੱਖ ਸੜਕ ਉੱਤੇ ਭੱਜ ਗਏ। ਘੋੜੇ ਸੜਕ 'ਤੇ ਕੁਝ ਕਾਰਾਂ ਅਤੇ ਇੱਕ ਡਬਲ ਡੈਕਰ ਬੱਸ ਨਾਲ ਟਕਰਾ ਗਏ। ਇਸ ਦੌਰਾਨ ਉਹ ਜ਼ਖਮੀ ਹੋ ਗਏ।

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਸਭ ਦਾ ਲੱਗਾ ਧਿਆਨ ਪਿਆ ਚੋਣ ਵੰਨੀਂ,
ਏਧਰ ਹੀ ਲਾਈ ਹੈ ਅੱਖ ਸਰਕਾਰ ਬੇਲੀ।
ਮਹਿਕਮਾ ਪੁਲਸ ਵੀ ਚੋਣ ਡਿਊਟੀਆਂ'ਤੇ,
ਕਰੀ ਬਦਮਾਸ਼ ਜਾਂਦੇ ਥਾਂ-ਥਾਂ ਮਾਰ ਬੇਲੀ।
ਨਸ਼ੇੜੀ ਟੋਲਿਆਂ ਦੀ ਗਿਣਤੀ ਬੜੀ ਭਾਰੀ,
ਪੁੱਟੋ ਜਦ ਇੱਟ ਤੇ ਮਿਲਣ ਹਜ਼ਾਰ ਬੇਲੀ।
ਜਦੋਂ ਕਦੀ ਅੱਧ-ਪਚੱਧੇ ਵੀ ਜਾਣ ਪਕੜੇ,
ਜ਼ਮਾਨਤੀ ਹੁੰਦਾ ਈ ਨਾਲ ਤਿਆਰ ਬੇਲੀ।
ਨੇਮਾਂ-ਕਾਨੂੰਨਾਂ ਦੀ ਉਨ੍ਹਾਂ ਦੀ ਸਮਝ ਪੂਰੀ,
ਅੱਗੋਂ ਪੁਲਸ ਨੂੰ ਨਿਯਮ ਸਿਖਾਉਣ ਬੇਲੀ।
ਦਿਨ ਦੂਜੇ ਇਉਂ ਜੇਲ੍ਹ ਤੋਂ ਮੁੜੇ ਆਉਂਦੇ,
ਜਿੰਦਾਂ ਚੱਕਰ ਹੀ ਗਏ ਸੀ ਲਾਉਣ ਬੇਲੀ।

**ਤੀਸ ਮਾਰ ਖਾਂ**

# ਪਟਨਾ ਦੇ ਇੱਕ ਹੋਟਲ ਵਿਚ ਲੱਗੀ ਭਿਆਨਕ ਅੱਗ 'ਚ 6 ਮੌਤਾਂ, 19 ਜ਼ਖਮੀ




ਪਟਨਾ, 25 ਅਪ੍ਰੈਲ (ਪੋਸਟ ਬਿਊਰੋ): ਬਿਹਾਰ ਰਾਜਧਾਨੀ ਪਟਨਾ 'ਚ ਜੰਕਸ਼ਨ ਸਾਹਮਣੇ ਸਥਿਤ ਬਹੁ-ਮੰਜ਼ਿਲਾ ਪਾਲ ਹੋਟਲ 'ਚ ਵੀਰਵਾਰ ਸਵੇਰੇ ਭਿਆਨਕ ਅੱਗ ਲੱਗ ਗਈ। ਸਵੇਰੇ ਸਾਢੇ 10 ਵਜੇ ਦੇ ਕਰੀਬ ਅੱਗ ਲੱਗਣ ਦੀ ਸੂਚਨਾ ਮਿਲੀ ਅਤੇ ਕਰੀਬ ਅੱਧੇ ਘੰਟੇ ਵਿੱਚ ਪੂਰੀ ਇਮਾਰਤ ਅੱਗ ਵਿਚ ਘਿਰ ਗਈ। ਅੱਗ ਹੋਟਲ ਦੇ ਨਾਲ ਲੱਗਦੀ ਇਮਾਰਤ ਤੱਕ ਵੀ ਪਹੁੰਚ ਗਈ।

ਬਿਲਡਿੰਗ ਦੇ ਸਾਹਮਣੇ ਸਥਿਤ ਪੁਲ 'ਤੇ ਭਾਰੀ ਜਾਮ ਲੱਗ ਗਿਆ ਹੈ ਅਤੇ ਸਟੇਸ਼ਨ ਰੋਡ ਵੀ ਪੂਰੀ ਤਰ੍ਹਾਂ ਜਾਮ ਹੈ। ਇਸ ਦੌਰਾਨ ਕੁੱਲ 6 ਲੋਕਾਂ ਦੀ ਮੌਤ ਹੋ ਚੁੱਕੀ ਹੈ। 19 ਲੋਕ ਬੁਰੀ ਤਰ੍ਹਾਂ ਝੁਲਸ ਗਏ ਹਨ। ਉਨ੍ਹਾਂ ਨੂੰ ਪੀਐਮਸੀਐਚ ਵਿੱਚ ਭਰਤੀ ਕਰਵਾਇਆ ਗਿਆ ਹੈ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਰਸੋਈ 'ਚ ਲੱਗੀ ਅੱਗ ਨੇ ਚਾਰ ਮੰਜ਼ਿਲਾ ਇਮਾਰਤ ਨੂੰ ਆਪਣੀ ਲਪੇਟ 'ਚ ਲੈ ਲਿਆ। ਉਪਰਲੀ ਮੰਜ਼ਿਲ 'ਤੇ ਨਾਸ਼ਤਾ ਕਰ ਰਹੇ ਲੋਕ ਇਸ ਦੀ ਲਪੇਟ 'ਚ ਆ ਗਏ। ਆਸ-ਪਾਸ ਦੇ ਹੋਟਲਾਂ ਅਤੇ ਦੁਕਾਨਾਂ ਦੇ ਲੋਕ ਸੜਕ 'ਤੇ ਆ ਗਏ। ਫਾਇਰ ਬ੍ਰਿਗੇਡ ਦੀ ਟੀਮ ਬਚਾਅ ਕਾਰਜਾਂ ਵਿਚ ਲੱਗੀ ਅਤੇ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ।

ਫਾਇਰ ਬ੍ਰਿਗੇਡ ਦੀ ਟੀਮ ਮੁਤਾਬਕ ਹੁਣ ਤੱਕ ਹੋਟਲ 'ਚੋਂ 30-35 ਜਣਿਆਂ ਨੂੰ ਬਾਹਰ ਕੱਢ ਲਿਆ ਗਿਆ ਹੈ। ਇੱਥੇ ਫਾਇਰ ਬ੍ਰਿਗੇਡ ਦੀ ਟੀਮ ਵੱਲੋਂ ਬਚਾਏ ਗਏ ਲੋਕਾਂ ਨੂੰ ਤੁਰੰਤ ਹਸਪਤਾਲ ਭੇਜਿਆ ਗਿਆ।

# ਪ੍ਰਧਾਨ ਮੰਤਰੀ ਮੋਦੀ ਤੇ ਰਾਹੁਲ ਦੇ ਚੋਣ ਭਾਸ਼ਣਾਂ 'ਤੇ ਚੋਣ ਕਮਿਸ਼ਨ ਦਾ ਨੋਟਿਸ, ਭਾਸ਼ਣ 'ਚ ਨਫ਼ਰਤ ਫੈਲਾਉਣ ਦੇ ਦੋਸ਼



ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ): ਚੋਣ ਕਮਿਸ਼ਨ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਦੇ ਭਾਸ਼ਣਾਂ 'ਤੇ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ 'ਤੇ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 77 ਤਹਿਤ ਜਾਰੀ ਕੀਤਾ ਗਿਆ ਹੈ।

ਚੋਣ ਕਮਿਸ਼ਨ ਦੇ ਚੋਣ ਪੈਨਲ ਨੇ ਇਹ ਨੋਟਿਸ ਕਾਂਗਰਸ ਅਤੇ ਭਾਜਪਾ ਵੱਲੋਂ ਇੱਕ-ਦੂਜੇ ਖਿਲਾਫ਼ ਕੀਤੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਜਾਰੀ ਕੀਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਕਮਿਸ਼ਨ ਨੇ ਸਟਾਰ ਪ੍ਰਚਾਰਕਾਂ ਦੀ ਬਜਾਏ ਪਾਰਟੀ ਪ੍ਰਧਾਨਾਂ ਨੂੰ ਨੋਟਿਸ ਜਾਰੀ ਕੀਤਾ ਹੈ।

ਪ੍ਰਧਾਨ ਮੰਤਰੀ ਮੋਦੀ ਭਾਜਪਾ ਦੇ ਸਟਾਰ ਪ੍ਰਚਾਰਕ ਹਨ ਅਤੇ ਰਾਹੁਲ ਗਾਂਧੀ ਕਾਂਗਰਸ ਦੇ। ਇਸ ਸੰਦਰਭ ਵਿੱਚ, ਚੋਣ ਕਮਿਸ਼ਨ ਪਾਰਟੀ ਪ੍ਰਧਾਨਾਂ ਨੂੰ ਉਨ੍ਹਾਂ ਦੇ ਭਾਸ਼ਣਾਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਕਮਿਸ਼ਨ ਨੇ ਭਾਜਪਾ ਪ੍ਰਧਾਨ ਜੇਪੀ ਨੱਡਾ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੋਂ 29 ਅਪ੍ਰੈਲ ਨੂੰ ਸਵੇਰੇ 11 ਵਜੇ ਤੱਕ ਜਵਾਬ ਮੰਗਿਆ ਹੈ।

ਪੀਐਮ ਮੋਦੀ ਅਤੇ ਰਾਹੁਲ ਗਾਂਧੀ ਦੇ ਭਾਸ਼ਣਾਂ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਗਈ ਸੀ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਇਹ ਆਗੂ ਧਰਮ, ਜਾਤ, ਭਾਈਚਾਰੇ ਅਤੇ ਭਾਸ਼ਾ ਦੇ ਆਧਾਰ 'ਤੇ ਲੋਕਾਂ ਨੂੰ ਵੰਡਣ ਅਤੇ ਨਫ਼ਰਤ ਫੈਲਾਉਣ ਦਾ ਕੰਮ ਕਰ ਰਹੇ ਹਨ।

# ਪਾਕਿਸਤਾਨ ਦੇ ਕਾਰੋਬਾਰੀਆਂ ਨੇ ਭਾਰਤ ਨਾਲ ਕਾਰੋਬਾਰ ਸ਼ੁਰੂ ਕਰਨ ਦੀ ਕੀਤੀ ਮੰਗ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਾਰੋਬਾਰੀਆਂ ਨਾਲ ਕੀਤੀ ਮੀਟਿੰਗ



ਇਸਲਾਮਾਬਾਦ, 25 ਅਪ੍ਰੈਲ (ਪੋਸਟ ਬਿਊਰੋ): ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਕਾਰੋਬਾਰੀਆਂ ਨੇ ਭਾਰਤ ਨਾਲ ਵਪਾਰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਬੁੱਧਵਾਰ, 24 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਿੰਧ ਵਿੱਚ ਕਾਰੋਬਾਰੀਆਂ ਨਾਲ ਮੁਲਾਕਾਤ ਕੀਤੀ। ਬੈਠਕ ਦੌਰਾਨ ਪਾਕਿਸਤਾਨ ਦੇ ਵੱਡੇ ਕਾਰੋਬਾਰੀ ਸੰਗਠਨ ਆਰਿਫ ਹਬੀਬ ਗਰੁੱਪ ਦੇ ਮੁਖੀ ਆਰਿਫ ਹਬੀਬ ਨੇ ਭਾਰਤ ਨਾਲ ਸਬੰਧ ਸੁਧਾਰਨ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਬਾਅਦ ਤੁਸੀਂ ਕੁਝ ਲੋਕਾਂ ਨਾਲ ਹੱਥ ਮਿਲਾਇਆ, ਜਿਸ ਦਾ ਪਾਕਿਸਤਾਨ ਨੂੰ ਫਾਇਦਾ ਹੋਇਆ। ਹੁਣ ਅਸੀਂ ਕੁਝ ਹੋਰ ਲੋਕਾਂ ਨਾਲ ਹੱਥ ਮਿਲਾਉਣਾ ਚਾਹੁੰਦੇ ਹਾਂ। ਪਹਿਲਾਂ ਭਾਰਤ ਨਾਲ ਹੱਥ ਮਿਲਾਓ ਤਾਂਕਿ ਪਾਕਿਸਤਾਨ ਦੀ ਆਰਥਿਕਤਾ ਨੂੰ ਫਾਇਦਾ ਹੋਵੇ। ਫਿਰ ਅਦਿਆਲਾ ਜੇਲ੍ਹ ਵਿੱਚ ਬੰਦ ਇਮਰਾਨ ਨਾਲ ਹੱਥ ਮਿਲਾਉਣ, ਤਾਂ ਜੋ ਦੇਸ਼ ਵਿੱਚ ਸਿਆਸੀ ਸਥਿਰਤਾ ਬਣੀ ਰਹੇ। ਰਾਜਨੀਤਿਕ ਸਥਿਰਤਾ ਦੇ ਨਾਲ, ਕਾਰੋਬਾਰ ਪਾਕਿਸਤਾਨ ਵਿੱਚ ਚੰਗੀ ਤਰ੍ਹਾਂ ਚੱਲ ਸਕਣਗੇ।

ਸਿੰਧ ਵਿਚ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਭਾਸ਼ਣ ਤੋਂ ਬਾਅਦ ਬੈਠਕ 'ਚ ਸਵਾਲਾਂ-ਜਵਾਬਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਈ ਪਾਕਿਸਤਾਨੀ ਕਾਰੋਬਾਰੀ ਨੇਤਾਵਾਂ ਨੇ ਸ਼ਾਹਬਾਜ਼ ਸ਼ਰੀਫ ਤੋਂ ਪਾਕਿਸਤਾਨ ਦੀਆਂ ਆਰਥਿਕ ਨੀਤੀਆਂ 'ਤੇ ਸਵਾਲ ਚੁੱਕੇ ਹਨ। ਕੁਝ ਕਾਰੋਬਾਰੀਆਂ ਨੇ ਪ੍ਰਧਾਨ ਮੰਤਰੀ ਸ਼ਰੀਫ ਦੀ ਤਾਰੀਫ ਵੀ ਕੀਤੀ। ਕਾਰੋਬਾਰੀਆਂ ਨੇ ਸਰਕਾਰ ਨੂੰ ਆਰਥਿਕ ਨੀਤੀਆਂ ਦਾ ਪ੍ਰਸਤਾਵ ਵੀ ਦਿੱਤਾ ਹੈ।

ਕਰੀਬ ਇੱਕ ਘੰਟੇ ਤੱਕ ਚੱਲੀ ਇਸ ਮੀਟਿੰਗ ਵਿੱਚ ਪਾਕਿਸਤਾਨੀ ਕਾਰੋਬਾਰੀਆਂ ਨੇ ਕਿਹਾ ਕਿ ਪਾਕਿਸਤਾਨ ਵਿੱਚ ਊਰਜਾ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ ਅਤੇ ਸਰਕਾਰੀ ਨੀਤੀਆਂ ਵੀ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਇਸ ਕਾਰਨ ਕਾਰੋਬਾਰ ਕਰਨ 'ਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਜੈਸਲਮੇਰ ਵਿਚ ਭਾਰਤੀ ਹਵਾਈ ਫੌਜ ਦਾ ਜਾਸੂਸੀ ਜਹਾਜ਼ ਕ੍ਰੈਸ਼



ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ): ਜੈਸਲਮੇਰ ਦੇ ਪਿਥਲਾ-ਜਾਜਿਆ ਪਿੰਡ ਵਿੱਚ ਵੀਰਵਾਰ ਸਵੇਰੇ ਇੱਕ ਮਨੁੱਖ ਰਹਿਤ ਟੋਹੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿੱਚ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ। ਘਟਨਾ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਪਿੰਡ ਵਾਸੀਆਂ ਵੱਲੋਂ ਸੂਚਨਾ ਮਿਲਣ 'ਤੇ ਹਵਾਈ ਫੌਜ ਦੇ ਅਧਿਕਾਰੀ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਏ। ਇਸ ਜਹਾਜ਼ ਦੀ ਵਰਤੋਂ ਅਸਮਾਨ 'ਚ ਜਾਸੂਸੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕੀਤੀ ਜਾਂਦੀ ਹੈ।

ਮੁੱਢਲੀ ਜਾਣਕਾਰੀ ਮੁਤਾਬਕ ਹਵਾਈ ਫੌਜ ਦੇ ਇੱਕ ਜਾਸੂਸੀ ਜਹਾਜ਼ ਨੇ ਸਰਹੱਦੀ ਖੇਤਰ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵੀਰਵਾਰ ਸਵੇਰੇ ਉਡਾਣ ਭਰੀ ਸੀ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਸ ਤੋਂ ਬਾਅਦ ਜਹਾਜ਼ ਅਚਾਨਕ ਕੁਝ ਤਕਨੀਕੀ ਖ਼ਰਾਬੀ ਕਾਰਨ ਕਰੈਸ਼ ਹੋ ਗਿਆ ਅਤੇ ਆਬਾਦੀ ਵਾਲੇ ਇਲਾਕੇ ਤੋਂ ਦੂਰ ਰੇਤਲੇ ਇਲਾਕੇ ਵਿਚ ਡਿੱਗ ਗਿਆ।

ਹਾਲਾਂਕਿ, ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਕਿਉਂਕਿ ਜਹਾਜ਼ ਇੱਕ ਸੁੰਨਸਾਨ ਖੇਤਰ ਵਿੱਚ ਕ੍ਰੈਸ਼ ਹੋ ਗਿਆ ਸੀ। ਹਵਾਈ ਫੌਜ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਹਾਜ਼ ਦੇ ਮਲਬੇ ਦਾ ਜਾਇਜ਼ਾ ਲਿਆ।

# ਅਰੁਣਾਚਲ ਪ੍ਰਦੇਸ਼ ਵਿੱਚ ਜ਼ਮੀਨ ਖਿਸਕੀ, ਨੈਸ਼ਨਲ ਹਾਈਵੇ-313 ਦਾ ਵੱਡਾ ਹਿੱਸਾ ਢਹਿ ਗਿਆ

### ਦਿਬਾਂਗ ਘਾਟੀ ਦਾ ਦੇਸ਼ ਨਾਲ ਸੰਪਰਕ ਟੁੱਟਿਆ



ਈਟਾਨਗਰ, 25 ਅਪ੍ਰੈਲ (ਪੋਸਟ ਬਿਊਰੋ): ਅਰੁਣਾਚਲ ਪ੍ਰਦੇਸ਼ ਦੀ ਦਿਬਾਂਗ ਘਾਟੀ 'ਚ ਜ਼ਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇ-313 ਦਾ ਵੱਡਾ ਹਿੱਸਾ ਢਹਿ ਗਿਆ ਹੈ। ਚੀਨ ਦੀ ਸਰਹੱਦ ਨਾਲ ਲੱਗਦੇ ਦਿਬਾਂਗ ਘਾਟੀ ਜ਼ਿਲ੍ਹੇ ਨੂੰ ਪੂਰੇ ਦੇਸ਼ ਤੋਂ ਕੱਟ ਦਿੱਤਾ ਗਿਆ ਸੀ। ਦਿਬਾਂਗ ਵੈਲੀ ਜ਼ਿਲ੍ਹਾ ਪ੍ਰਸ਼ਾਸਨ ਮੁਤਾਬਕ ਬੁੱਧਵਾਰ ਨੂੰ ਹਾਈਵੇਅ 'ਤੇ ਢਿੱਗਾਂ ਡਿੱਗ ਗਈਆਂ। ਅਧਿਕਾਰੀਆਂ ਮੁਤਾਬਕ ਲੈਂਡ ਸਲਾਈਡ ਦੇ ਢਹਿ-ਢੇਰੀ ਹਿੱਸੇ ਨੂੰ ਬਣਾਉਣ 'ਚ ਘੱਟੋ-ਘੱਟ 3 ਦਿਨ ਲੱਗਣਗੇ। ਅਧਿਕਾਰੀਆਂ ਨੇ ਕਿਹਾ ਹੈ ਕਿ ਦਿਬਾਂਗ ਘਾਟੀ 'ਚ ਕਈ ਦਿਨਾਂ ਤੋਂ ਲਗਾਤਾਰ ਮੀਂਹ ਕਾਰਨ ਲੈਂਡ ਸਲਾਈਡ ਹੋਈ ਹੈ। ਰਾਸ਼ਟਰੀ ਰਾਜਮਾਰਗ 313 ਦਿਬਾਂਗ ਘਾਟੀ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਦਾ ਹੈ। ਇਸ ਦੇ ਚਲਦੇ ਅਰੁਣਾਚਲ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਦੱਸਿਆ ਕਿ ਦਿਬਾਂਗ ਘਾਟੀ 'ਚ ਜ਼ਮੀਨ ਖਿਸਕਣ ਦੀ ਖਬਰ ਮਿਲੀ ਹੈ। ਦਿਬਾਂਗ ਘਾਟੀ ਹਾਈਵੇਅ-313 ਰਾਹੀਂ ਹੀ ਪੂਰੇ ਦੇਸ਼ ਨਾਲ ਜੁੜੀ ਹੋਈ ਹੈ। ਅਸੀਂ ਅਧਿਕਾਰੀਆਂ ਨੂੰ ਤੁਰੰਤ ਸੜਕ ਸੰਪਰਕ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਭਾਰਤ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਅਮਰੀਕੀ ਰਿਪੋਰਟ ਨੂੰ ਕੀਤਾ ਖਾਰਜ



ਵਾਸ਼ਿੰਗਟਨ , 25 ਅਪ੍ਰੈਲ (ਪੋਸਟ ਬਿਊਰੋ): ਭਾਰਤ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਅਮਰੀਕਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਇਸ ਵਿਚ ਅਮਰੀਕਾ ਨੇ ਮਨੀਪੁਰ ਵਿਚ ਹੋਈ ਹਿੰਸਾ ਦਾ ਜ਼ਿਕਰ ਕੀਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਉੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।

ਭਾਰਤ ਨੇ ਇਸ 80 ਪੰਨਿਆਂ ਦੀ ਰਿਪੋਰਟ ਨੂੰ ਗਲਤ ਅਤੇ ਪੱਖਪਾਤੀ ਦੱਸਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀਰਵਾਰ ਨੂੰ ਕਿਹਾ ਕਿ ਰਿਪੋਰਟ ਦਰਸਾਉਂਦੀ ਹੈ ਕਿ ਭਾਰਤ ਨੂੰ ਲੈ ਕੇ ਅਮਰੀਕਾ ਦੀ ਸਮਝ ਸਹੀ ਨਹੀਂ ਹੈ।

ਹਫ਼ਤਾਵਾਰੀ ਬ੍ਰੀਫਿੰਗ 'ਚ ਅਮਰੀਕੀ ਰਿਪੋਰਟ 'ਤੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਇਸ ਰਿਪੋਰਟ ਨੂੰ ਕੋਈ ਮਹੱਤਵ ਨਹੀਂ ਦਿੰਦੇ ਅਤੇ ਤੁਹਾਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ।

22 ਅਪ੍ਰੈਲ ਨੂੰ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੱਖ-ਵੱਖ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਦੀ ਪਾਲਣਾ ਦੀ ਸਥਿਤੀ ਬਾਰੇ ਇੱਕ ਰਿਪੋਰਟ ਜਾਰੀ ਕੀਤੀ। ਰਿਪੋਰਟ 'ਚ ਚੀਨ, ਬ੍ਰਾਜ਼ੀਲ, ਬੇਲਾਰੂਸ, ਮਿਆਂਮਾਰ ਦੇ ਨਾਲ-ਨਾਲ ਭਾਰਤ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਇਸ ਵਿੱਚ ਭਾਰਤ ਨੇ ਦਾਅਵਾ ਕੀਤਾ ਸੀ ਕਿ ਮਨੀਪੁਰ ਵਿੱਚ ਮੀਤਾਈ ਅਤੇ ਕੁਕੀ ਭਾਈਚਾਰਿਆਂ ਵਿੱਚ ਜਾਤੀ ਹਿੰਸਾ ਫੈਲਣ ਤੋਂ ਬਾਅਦ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। 3 ਮਈ ਤੋਂ 15 ਨਵੰਬਰ ਦਰਮਿਆਨ ਘੱਟੋ-ਘੱਟ 175 ਲੋਕ ਮਾਰੇ ਗਏ ਅਤੇ 60,000 ਤੋਂ ਵੱਧ ਬੇਘਰ ਹੋਏ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਭਾਰਤ ਵਿੱਚ ਤਾਨਾਸ਼ਾਹੀ ਵਧੀ ਹੈ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**















# ਜ਼ਮੀਨ ਦੇ ਇੰਤਕਾਲ ਬਦਲੇ 10,000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ



ਚੰਡੀਗੜ੍ਹ, 25 ਅਪ੍ਰੈਲ (ਗਿਆਨ ਸਿੰਘ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਵੀਰਵਾਰ ਨੂੰ ਅੰਮ੍ਰਿਤਸਰ ਦੇ ਮਾਲ ਹਲਕਾ ਗੁਮਾਨ-ਪੁਰਾ ਸਰਕਲ ਵਿੱਚ ਪਟਵਾਰੀ ਵਜੋਂ ਤਾਇਨਾਤ ਰਿਪੁਦਮਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮਾਲ ਕਰਮਚਾਰੀ ਨੂੰ ਸੁਖਦੇਵ ਸਿੰਘ ਵਾਸੀ ਪਿੰਡ ਗੁਮਾਨ-ਪੁਰਾ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਮੁਲਜ਼ਮ ਪਟਵਾਰੀ ਨੇ ਉਸ ਦੀ ਜ਼ਮੀਨ ਦਾ ਇੰਤਕਾਲ ਮਾਲ ਰਿਕਾਰਡ ਵਿੱਚ ਦਰਜ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਉਕਤ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' ਮੁੜ ਪੜ੍ਹਦਿਆਂ

-ਸਰਵਣ ਸਿੰਘ-

ਕਦੇ ਸਬੱਬ ਹੀ ਐਸਾ ਬਣ ਜਾਂਦੈ ਕਿ ਲੇਖਕ ਆਪਣੀ ਹੀ ਕੋਈ ਪੁਰਾਣੀ ਕਿਤਾਬ ਮੁੜ ਪੜ੍ਹਨ ਲੱਗ ਪੈਂਦੈ। ਮੈਂ ਵੀ ਆਪਣਾ ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' (ਮੇਰੀ ਅਮਰੀਕੀ ਫੇਰੀ) ਫਿਰ ਖੋਲ੍ਹ ਬੈਠਾਂ ਜੋ 50ਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਇਕ ਥਾਂ ਲਿਖਿਆ ਸੀ: ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾ ਧੂੰਦ ਦਿਆ...। ਉਦੋਂ 'ਸੱਜਣਾ ਦੇ ਸ਼ਹਿਰ' ਬੇਕਰਸਫੀਲਡ ਵਿਚ ਮੇਰਾ 50ਵਾਂ ਜਨਮ ਦਿਨ ਮਨਾਇਆ ਗਿਆ ਸੀ। ਉਸ ਤੋਂ ਪਹਿਲਾਂ ਮੈਨੂੰ ਪਤਾ ਨਹੀਂ ਸੀ ਕਿ ਸਾਧਾਰਨ ਕਿਸਾਨ ਘਰਾਂ 'ਚ ਜੰਮਿਆ ਦੇ ਵੀ ਜਨਮ ਦਿਨ ਮਨਾਏ ਜਾਂਦੇ ਹਨ!

ਆਉਂਦੀ 8 ਜੁਲਾਈ ਨੂੰ ਮੈਂ ਚੁਰਾਸੀ ਸਾਲਾਂ ਦਾ ਹੋ ਜਾਣੈ ਜਿਸ ਨਾਲ ਕਹਿੰਦੇ ਨੇ ਕਿ ਚੁਰਾਸੀ ਕੱਟੀ ਜਾਂਦੀ ਐ। ਹੁਣ ਮੇਰੀ ਉਮਰ ਭਾਵੇਂ ਲੰਮੇ ਤੋਰੇ ਫੇਰੇ ਕਰਨ ਤੇ ਉਡਾਰੀਆਂ ਭਰਨ ਦੀ ਨਹੀਂ, ਫਿਰ ਵੀ ਪਤਾ ਨਹੀਂ ਕਿਉਂ ਟਿਕ ਕੇ ਨੀ ਬੈਠ ਹੁੰਦਾ? ਇਕ ਦਿਨ ਅਚਾਨਕ ਰਉਂ ਬਣ ਗਿਆ ਕਿ ਚਲੋ ਐਤਕੀਂ ਕੈਲੇਫੋਰਨੀਆ ਵੱਲ ਦਾ ਹੀ ਗੇੜਾ ਮਾਰ ਆਈਏ। ਪੁਰਾਣੇ ਸੱਜਣਾਂ ਮਿੱਤਰਾਂ ਨੂੰ ਮੁੜ ਮਿਲ ਗਿਲ ਲਈਏ। ਸੱਚੀ ਗੱਲ ਐ ਜੱਗ ਜਿਉਂਦਿਆਂ ਦੇ ਮੇਲੇ ਹੁੰਦੇ ਨੇ। ਫੇਰ ਪਤਾ ਨਹੀਂ ਮਿਲ ਸਕੀਏ ਜਾਂ ਨਾ। ਪ੍ਰੋਗਰਾਮ ਬਣਾ ਲਿਐ, 28 ਅਪ੍ਰੈਲ ਨੂੰ ਲਾਸ ਵੇਗਸ, 30 ਨੂੰ ਬੇਕਰਸਫੀਲਡ, ਅੱਗੇ ਗਦਰੀ ਬਾਬਿਆਂ ਦੇ ਸ਼ਹਿਰ ਤੇ ਫਿਰ 8 ਮਈ ਤਕ ਚੱਲ ਸੋ ਚੱਲ। ਸਾਡਾ ਮੁੱਖ ਟਿਕਾਣਾ ਹੋਵੇਗਾ ਬੇਕਰਸਫੀਲਡ।

ਸਬੱਬੀਂ ਮੇਰੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਦੀ ਇਕ ਪੁਰਾਣੀ ਕਾਪੀ ਲੱਭ ਗਈ। ਉਸ ਦਾ ਟਾਈਟਲ ਸਵਰਨਜੀਤ ਸਵੀ ਨੇ ਬਣਾਇਆ ਸੀ ਜੋ 1992 ਵਿਚ ਲਾਹੌਰ ਬੁੱਕ ਸ਼ਾਪ ਨੇ ਪ੍ਰਕਾਸ਼ਿਤ ਕੀਤੀ ਸੀ। ਉਹ ਸਫ਼ਰਨਾਮਾ ਫਿਰ ਪੰਜਾਬ ਯੂਨੀਵਰਸਿਟੀ ਦੀ ਪਾਠ ਪੁਸਤਕ ਬਣ ਗਿਆ ਜੋ ਬੀਏ ਭਾਗ ਦੂਜਾ ਤੀਜਾ ਦੀਆਂ ਜਮਾਤਾਂ 'ਚ ਛੇ ਸਾਲ ਪੜ੍ਹਾਇਆ ਜਾਂਦਾ ਰਿਹਾ। ਮੈਨੂੰ ਜਦ ਕਦੇ ਪੁਰਾਣੇ ਵਿਦਿਆਰਥੀ ਮਿਲਦੇ ਹਨ ਤਾਂ ਅਕਸਰ ਇਸ ਸਫ਼ਰਨਾਮੇ ਦਾ ਜ਼ਿਕਰ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਉਹ ਪਾਠ ਪੁਸਤਕ ਵਜੋਂ ਪੜ੍ਹਨਾ ਪਿਆ ਸੀ।

ਮੈਂ ਪਹਿਲੀ ਵਾਰ ਅਮਰੀਕਾ/ਕੈਨੇਡਾ 1990 'ਚ ਗਿਆ ਸਾਂ। ਦਸ ਕੁ ਹਫ਼ਤਿਆਂ ਦੇ ਸਫ਼ਰ ਪਿੱਛੋਂ ਇਹ ਸਫ਼ਰਨਾਮਾ ਲਿਖਿਆ ਗਿਆ ਸੀ ਜੋ ਲੜੀਵਾਰ 'ਪੰਜਾਬੀ ਟ੍ਰਿਬਿਊਨ' ਤੇ 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਛਪਦਾ ਰਿਹਾ। ਬਾਅਦ ਵਿਚ ਕਿਤਾਬੀ ਰੂਪ 'ਚ ਪ੍ਰਕਾਸ਼ਿਤ ਹੋਇਆ। ਉਹਦਾ ਤਤਕਰਾ ਹੈ: ਅਮਰੀਕਾ ਦੀ ਰਾਹਦਾਰੀ, ਹਵਾਈ ਜਹਾਜ਼ ਦੇ ਹੂਟੇ, ਮਿਲਣੀ ਮਿੱਤਰਾਂ ਦੀ, ਸੱਜਣਾਂ ਦਾ ਸ਼ਹਿਰ, ਬਾਗਾਂ ਦੀ ਧਰਤੀ, ਕੈਲੇਫੋਰਨੀਆ ਦਾ ਫਾਰਮੀ ਜੀਵਨ, ਯੂਬਾ ਸਿਟੀ ਵਿਚ ਕਬੱਡੀ, ਕੈਲੇਫੋਰਨੀਆ ਤੋਂ ਕੈਨੇਡਾ, ਗਰਮ ਪਾਣੀ ਦੇ ਚਸ਼ਮੇ, ਬਾਬਿਆਂ ਦੀ ਸੱਥ, ਵਿਸਲਰ ਦੇ ਹੁਸੀਨ ਨਜ਼ਾਰੇ, ਗੁਰਦਵਾਰਿਆਂ ਦੀ ਗਹਿਮਾ-ਗਹਿਮੀ, ਦਾਅਵਤਾਂ ਦੇ ਦੌਰ, ਵੈਨਕੂਵਰ ਦਾ ਪੰਜਾਬੀ ਖੇਡ ਮੇਲਾ, ਵਿਕਟੋਰੀਆ ਦੀ ਸੈਰ, ਕੁਝ ਮੇਲ ਮੁਲਾਕਾਤਾਂ, ਬੱਸ ਦਾ ਲੰਮਾ ਸਫ਼ਰ, ਫਰਿਜ਼ਨੋ ਦੇ ਆਸ ਪਾਸ, ਸੋਨ ਸੁਨਹਿਰਾ ਸਾਨ ਫਰਾਂਸਿਸਕੋ, ਜੂਏਬਾਜ਼ਾਂ ਦਾ ਸ਼ਹਿਰ ਰੀਨੋ, ਗੇੜਾ ਹਾਲੀਵੁੱਡ ਦਾ, ਸੁਫ਼ਨਿਆਂ ਦੀ ਸੈਰਗਾਹ ਡਿਜ਼ਨੀਲੈਂਡ ਤੇ ਅੱਖੀਂ ਵੇਖ ਨਾ ਰੱਜੀਆਂ। ਲਓ ਟ੍ਰੇਲਰ ਤੁਸੀਂ ਵੀ ਵੇਖ ਲਓ:

ਬੜੀ ਸੋਹਣੀ ਕੁੜੀ ਖਿੜਕੀ ਪਿੱਛੇ ਬੈਠੀ ਸੀ। ਸੁਨਹਿਰੀ ਧੁੱਪ ਵਰਗਾ ਰੰਗ, ਨੀਲੀਆਂ ਬਲੌਰੀ ਅੱਖਾਂ, ਪਤਲੇ ਗੁਲਾਬੀ ਬੁੱਲ੍ਹ ਤੇ ਲੰਮੇ ਖੁੱਲ੍ਹੇ ਵਾਲ। ਖਿੜਕੀ 'ਚੋਂ ਖ਼ੁਸ਼ਬੋ ਦੇ ਬੁੱਲੇ ਆ ਰਹੇ ਸਨ। ਉਹ ਹਰ ਇਕ ਨਾਲ ਮੁਸਕਰਾ ਕੇ ਗੱਲ ਕਰਦੀ। ਕਦੇ ਨਿੱਕਾ ਜਿਹਾ ਹਾਸਾ ਵੀ ਝਾਂਜਰ ਵਾਂਗ ਛਣਕ ਜਾਂਦਾ। ਵੀਜ਼ੇ ਵਾਲੇ ਪਾਸਪੋਰਟ ਲੈਣ ਲਈ ਸਾਨੂੰ ਚਾਰ ਵਜੇ ਸੱਦਿਆ ਗਿਆ ਸੀ। ਕਤਾਰ ਵਿਚ ਲੱਗੇ ਅਸੀਂ ਨੇੜੇ ਆਏ ਤਾਂ ਮੇਰਾ ਮਨ ਰੁਮਾਂਚਿਕ ਹੋ ਉਠਿਆ। ਮੈਂ ਆਪਣੀ ਪਤਨੀ ਨੂੰ ਕਿਹਾ, "ਵੇਖ ਕਿੰਨੀ ਸੋਹਣੀ ਕੁੜੀ ਐ, ਅਮਰੀਕਾ ਦੀ ਅਪੱਸਰਾ। ਅਗਲਿਆਂ ਨੇ ਪ੍ਰਭਾਵ ਪਾਉਣ ਲਈ ਮਾਡਲ ਵੀ ਚੁਣ ਕੇ ਰੱਖਿਆ। ਇਹ ਤਾਂ ਭਾਵੇਂ ਵੀਜ਼ੇ ਤੋਂ ਇਨਕਾਰ ਹੀ ਕਰ ਦੇਵੇ। ਆਖਾਂਗੇ ਕੋਈ ਗੱਲ ਨੀ। ਇਨਕਾਰ ਤਾਂ ਇਨਕਾਰ ਸਹੀ ਪਰ ਨਾਲ ਅਣਮੁੱਲੀ ਮੁਸਕ੍ਰਾਹਟ ਤਾਂ ਮਿਲੀ! ਦੱਸਿਆ ਕਰਾਂਗੇ ਇਨਕਾਰ ਕਿਸੇ ਐਰੇ ਗੈਰੇ ਨੇ ਨਹੀਂ, ਅੰਤਾਂ ਦੀ ਸੋਹਣੀ ਕੁੜੀ ਨੇ ਕੀਤਾ ਸੀ ਤੇ ਉਹ ਵੀ ਹੱਸ ਕੇ।

ਉਹੀ ਗੱਲ ਹੋਈ। ਸਾਡੇ ਪਾਸਪੋਰਟ ਉਸ ਕੁੜੀ ਤਕ ਨਹੀਂ ਸਨ ਪੁੱਜੇ। ਉਸ ਨੇ ਪਾਸੇ ਪਏ ਪਾਸਪੋਰਟ ਦੁਬਾਰਾ ਵੇਖੇ ਤੇ ਮੁਸਕਰਾ ਕੇ ਕਹਿਣ ਲੱਗੀ, "ਮਿਸਟਰ ਸਿੰਘ ਤੁਹਾਨੂੰ ਉਡੀਕ ਕਰਨੀ ਪਏਗੀ।"


ਮੈਂ ਪੁੱਛਿਆ, "ਕਿੰਨੀ ਕੁ?"

ਉਹ ਫਿਰ ਮੁਸਕਰਾਈ, "ਏਹੋ ਕੋਈ ਦਸ ਵੀਹ ਮਿੰਟ।"

ਮੇਰੇ ਮਚਲੇ ਮਨ ਨੇ ਕਿਹਾ, "ਲੈ ਕਿੱਡੀ ਛਾਲ ਮਾਰੀ ਐ! ਤੂੰ ਤਾਂ ਦਸ ਵੀਹ ਸਾਲ ਵੀ ਕਹਿੰਦੀ ਤਾਂ ਵੀ ਸ਼ੁਕਰ ਕਰਨਾ ਸੀ।"

ਅਸੀਂ ਧੁੱਪੇ ਖੜ੍ਹੇ ਸਾਂ। ਮੇਰੀ ਪਤਨੀ ਨੇ ਮੇਰੇ ਲਹਿਰੀ ਮਨ ਦੀਆਂ ਵਾਗਾਂ ਮੋੜੀਆਂ ਤੇ ਅਸੀਂ ਛਾਵੇਂ ਜਾ ਬੈਠੇ। ਸਾਰੀ ਕਤਾਰ ਭੁਗਤ ਗਈ ਤਾਂ ਅਸੀਂ ਦੁਬਾਰਾ ਖਿੜਕੀ ਵੱਲ ਵਧੇ। ਸਾਡੇ ਪਾਸਪੋਰਟ ਹਾਲਾਂ ਵੀ ਨਦਾਰਦ ਸਨ। ਪਤਨੀ ਨੇ ਵਿਅੰਗ ਕਸਿਆ, "ਸੁਣ ਲਓ ਇਨਕਾਰ ਹੁਣ ਸੋਹਣੀ ਕੁੜੀ ਤੋਂ!"

ਪਰ ਉਸ ਸੋਹਣੀ ਕੁੜੀ ਨੇ ਮੈਨੂੰ ਛਿੱਥਾ ਪੈਣੋਂ ਬਚਾ ਲਿਆ ਤੇ ਸਾਡੇ ਨਾਵਾਂ ਦੇ ਪਾਸਪੋਰਟ ਉਹਦੇ ਹੱਥਾਂ ਤਕ ਅਪੜ ਗਏ। ਉਸ ਨੇ ਮੁਸਕਰਾ ਕੇ ਦੇਰੀ ਲਈ ਮਾਫੀ ਮੰਗੀ ਤੇ ਹੱਸ ਕੇ ਵਧਾਈ ਦਿੰਦਿਆਂ ਪਾਸਪੋਰਟ ਸਾਡੇ ਹੱਥ ਫੜਾਏ। ਅਸੀਂ ਪਾਸਪੋਰਟ ਖੋਲ੍ਹ ਕੇ ਵੇਖੇ ਤਾਂ ਉਨ੍ਹਾਂ ਉਤੇ ਅਮਰੀਕਾ ਦੀ ਰਾਹਦਾਰੀ ਦਾ ਇਕ ਇਕ ਸਾਲ ਦਾ ਰੰਗ ਬਰੰਗਾ ਠੱਪਾ ਲੱਗਾ ਹੋਇਆ ਸੀ। ਉਸ ਪਲ ਉਹ ਠੱਪੇ ਵੀ ਸਾਨੂੰ ਉਸ ਅਮਰੀਕਨ ਕੁੜੀ ਦੇ ਹੱਸਦੇ ਮੂੰਹ ਵਰਗੇ ਲੱਗੇ।




*ਹਨ੍ਹੇਰੇ ਪਏ ਅਸੀਂ ਹਵਾਈ ਅੱਡੇ 'ਤੇ ਪਹੁੰਚੇ। ਚੁਫੇਰੇ ਰੰਗ ਬਰੰਗੀਆਂ ਬੱਤੀਆਂ ਜਗ ਰਹੀਆਂ ਸਨ। ਮੁੱਖ ਦੁਆਰ ਮੂਹਰੇ ਤਾਂ ਰਾਤ ਨੂੰ ਦਿਨ ਚੜ੍ਹਿਆ ਲੱਗਦਾ ਸੀ। ਉਥੇ ਹਵਾਈ ਜਹਾਜ਼ ਚੜ੍ਹਾਉਣ ਵਾਲਿਆਂ ਤੇ ਅੱਗੋਂ ਲੈਣ ਵਾਲਿਆਂ ਦਾ ਧੱਕਾ ਪੈਂਦਾ ਸੀ। ਪੰਜਾਬੀ ਮੁਸਾਫ਼ਿਰ ਕਾਫੀ ਗਿਣਤੀ ਵਿਚ ਸਨ। ਉਨ੍ਹਾਂ 'ਚ ਵਧੇਰੇ ਬਜ਼ੁਰਗ ਸਨ ਜਿਨ੍ਹਾਂ ਨੂੰ ਪਰਦੇਸੀਂ ਰਹਿੰਦੇ ਧੀਆਂ-ਪੁੱਤਰਾਂ ਨੇ ਆਪਣੇ ਕੋਲ ਸੱਦਿਆ ਸੀ। ਕੁਝ ਸੱਜ ਵਿਆਹੀਆਂ ਕੁੜੀਆਂ ਸਨ ਜੋ ਪਰਦੇਸੀਂ ਰਹਿੰਦੇ ਆਪਣੇ ਕੰਤਾਂ ਕੋਲ ਚੱਲੀਆਂ ਸਨ...।

ਇਕ ਨਵ-ਵਿਆਹੀ ਪੰਜਾਬਣ ਮੁਟਿਆਰ ਸੀ। ਸਾਢੇ ਪੰਜ ਫੁੱਟ ਤੋਂ ਉੱਚੀ, ਮਹਿੰਦੀ ਲਾਈ ਹੋਈ, ਹਾਰ-ਸ਼ਿੰਗਾਰ ਕੀਤਾ ਤੇ ਕਲੀਰੇ ਪਾਏ ਹੋਏ। ਅੱਖਾਂ 'ਚ ਕਜਲੇ ਦੀਆਂ ਧਾਰਾਂ ਤੇ ਹੱਥਾਂ-ਕੰਨਾਂ 'ਚ ਗਹਿਣੇ। ਕਿਸੇ ਵੱਡੇ ਘਰ ਦੀ ਧੀ ਪਰਦੇਸ ਸਹੁਰੀਂ ਚੱਲੀ ਸੀ। ਮਾਪਿਆਂ ਤੋਂ ਨਿਖੜਦਿਆਂ ਵੇਖ ਕੇ ਨੇੜੇ ਖੜ੍ਹਿਆਂ ਸਭ ਦੀਆਂ ਅੱਖਾਂ ਡੁਬ-ਡੁਬਾ ਗਈਆਂ ਸਨ। ਅਸੀਂ ਕੁੜੀ ਦਾ ਸਿਰ ਪਲੋਸਦਿਆਂ ਮਾਪਿਆਂ ਦਾ ਦਿਲ ਧਰਾਇਆ ਕਿ ਟੋਕੀਓ ਤਕ ਤਾਂ ਅਸੀਂ ਇਸ ਦੇ ਨਾਲ ਹਾਂ ਤੇ ਅੱਗੋਂ ਵੀ ਇਹਨੂੰ ਪਹਿਲਾਂ ਜਹਾਜ਼ ਚੜ੍ਹਾ ਕੇ ਫੇਰ ਆਪ ਚੜ੍ਹਾਂਗੇ। ਏਨੀ ਕੁ ਅਪਣੱਤ ਜਤਾਉਣ ਨਾਲ ਹੀ ਉਨ੍ਹਾਂ ਦਾ ਰਉਂ ਕੁਝ ਸੁਖਾਵਾਂ ਹੋ ਗਿਆ ਤੇ ਵਿਦਾਇਗੀ ਸੌਖੀ ਹੋ ਗਈ...।

*ਏਅਰ ਹੋਸਟੈਸ ਤੋਂ ਮੈਂ ਪਾਣੀ ਹੀ ਲਿਆ ਕਿਉਂਕਿ ਸੈਵਨ ਅੱਪ ਦਾ ਪਤਾ ਨਹੀਂ ਸੀ ਕਿ ਉਹ ਕਿੰਨਾ ਅੱਪ ਜਾਂ ਡਾਊਨ ਕਰੇਗਾ। ਹੌਲੀ-ਹੌਲੀ ਹਾੜਾ ਲਾਇਆ ਤਾਂ ਮਨ ਸਰੂਰ ਨਾਲ ਭਰਦਾ ਗਿਆ। ਵੰਨ-ਸੁਵੰਨੀਆਂ ਸੂਰਤਾਂ ਨਿਹਾਰਦਿਆਂ ਮੇਰੀ ਕਲਪਨਾ ਹੁਲਾਰੇ ਵਿਚ ਆ ਗਈ। ਮੈਨੂੰ ਲੱਗਾ ਅੱਧ-ਅਸਮਾਨੇ ਮਿੰਨੀ ਦੁਨੀਆ ਵਸੀ ਪਈ ਸੀ, ਰੰਗਾਂ ਨਸਲਾਂ ਤੋਂ ਉਤੇ, ਜਾਤਾਂ ਪਾਤਾਂ ਤੋਂ ਪਰੇ ਤੇ ਧਰਮਾਂ ਕਰਮਾਂ ਤੋਂ ਨਿਰ-ਲੇਪ। ਉਡਣ ਖਟੋਲਾ ਉਡਿਆ ਜਾ ਰਿਹਾ ਸੀ ਜਿਸ ਨੇ ਮੇਰੀ ਕਲਪਨਾ ਨੂੰ ਪਰ ਲਾ ਦਿੱਤੇ ਸਨ। ਮੈਂ ਕਿਸੇ ਵਜਦ ਵਿਚ ਮਖ਼ਮੂਰ ਸਾਂ ਤੇ ਮੇਰੇ ਧੁਰ ਅੰਦਰੋਂ ਸੁੱਤੇ ਬੋਲ ਜਾਗ ਰਹੇ ਸਨ-ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾਂ ਧੂੰਦ ਦਿਆ...!

*ਅਸੀਂ ਬੇਕਰਸਫੀਲਡ ਪਹੁੰਚਣਾ ਸੀ। ਘੁਸਮੁਸੇ ਹਨ੍ਹੇਰੇ ਵਿਚ ਕਾਰ ਹਵਾ ਨੂੰ ਗੰਢਾਂ ਦਿੰਦੀ ਆਈ। ਲਾਸ ਏਂਜਲਸ ਤੋਂ ਬੇਕਰਸਫੀਲਡ ਡੇਢ ਕੁ ਘੰਟੇ ਦਾ ਸਫ਼ਰ ਸੀ। ਅਮਰੀਕਾ ਵਿਚ ਸ਼ਹਿਰਾਂ ਥਾਵਾਂ ਦਾ ਫਾਸਲਾ ਮੀਲਾਂ ਵਿਚ ਨਹੀਂ ਸਗੋਂ ਘੰਟਿਆਂ ਮਿੰਟਾਂ ਵਿਚ ਗਿਣਿਆ ਜਾਂਦਾ ਹੈ। ਘਰੋਂ ਕੰਮ ਦੀ ਥਾਂ 20 ਮਿੰਟ ਦਾ ਸਫ਼ਰ, ਸਟੋਰ 5 ਮਿੰਟ ਦਾ, ਬੈਂਕ 7 ਮਿੰਟ ਤੇ ਸਕੂਲ 10 ਮਿੰਟ ਦਾ। ਹਸਪਤਾਲ 12 ਮਿੰਟ ਤੇ ਗੈਸ ਸਟੇਸ਼ਨ 3 ਮਿੰਟ। ਏਵੇਂ ਜਿਵੇਂ ਸਾਕ-ਸਕੀਰੀਆਂ ਤੇ ਦੋਸਤਾਂ ਮਿੱਤਰਾਂ ਤਕ ਮਿਲਣ ਜਾਣ ਦਾ ਸਮਾਂ ਨਿਸ਼ਚਿਤ ਹੈ। ਉਂਜ ਅਮਰੀਕਾ ਵਿਚ ਹਾਲਾਂ ਵੀ ਮੀਲ ਹੀ ਚਲਦੇ ਹਨ ਜਦ ਕਿ ਕੈਨੇਡਾ ਨੇ ਕਿਲੋਮੀਟਰ ਅਪਨਾ ਲਏ ਹਨ।

ਭਜਨ (ਮੇਰਾ ਛੋਟਾ ਭਰਾ) ਸਾਡੇ ਨਾਲ ਬਾਹਰ ਆਇਆ ਤੇ ਆਂਢ ਗੁਆਂਢ ਦੀ ਜਾਣਕਾਰੀ ਦੇਣ ਲੱਗਾ। ਉਹਦੀ ਬੀਹੀ ਵਿਚ ਮੈਕਸੀਕੇ, ਕਾਲ਼ੇ ਤੇ ਗੋਰਿਆਂ ਦੇ ਘਰ ਸਨ। ਪਾਕਿਸਤਾਨ ਦਾ ਇਕ ਪਰਿਵਾਰ ਥੋੜ੍ਹੇ ਦਿਨ ਪਹਿਲਾਂ ਹੀ ਭਜਨ ਹੋਰਾਂ ਦਾ ਗੁਆਂਢੀ ਬਣਿਆ ਸੀ। ਉਹ ਪਿੱਛੋਂ ਸਾਹੀਵਾਲ ਦੇ ਸਨ। ਉਨ੍ਹਾਂ ਤੋਂ ਪਹਿਲਾਂ ਮਰਹੂਮ ਸ਼ਾਇਰ ਪਾਸ਼ ਦੇ ਮਾਤਾ ਪਿਤਾ, ਉਹਦੀ ਪਤਨੀ ਤੇ ਧੀ ਰਹਿੰਦੇ ਸਨ। ਹੁਣ ਉਹ ਉਥੋਂ ਥੋੜ੍ਹੇ ਹਟਵੇਂ ਰਹਿੰਦੇ ਹਨ। ਆਂਢ ਗੁਆਂਢ ਬਾਰੇ ਦੱਸ ਕੇ ਭਜਨ ਨੇ ਨੇੜੇ ਹੀ ਇਕ ਸਕੂਲ ਦਾ ਗਰਾਊਂਡ ਵਿਖਾਇਆ ਜਿਥੇ ਅਸੀਂ ਸੈਰ ਤੇ ਕਸਰਤ ਕਰ ਸਕਦੇ ਸਾਂ...।

*ਇਕ ਚੌਕ 'ਚ ਦੋ ਅਧਨੰਗੀਆਂ ਕੁੜੀਆਂ ਧੁੱਪੇ ਹੀ ਪੀਜ਼ੇ ਦੀ ਮਸ਼ਹੂਰੀ ਵਾਲਾ ਬੈਨਰ ਚੁੱਕੀ ਖੜ੍ਹੀਆਂ ਸਨ। ਕਾਰਾਂ ਵਾਲੇ ਪਹਿਲਾਂ ਕੁੜੀਆਂ ਦੇ ਹੁਸਨ ਵੱਲ ਵੇਖਦੇ ਤੇ ਫਿਰ ਮਸ਼ਹੂਰੀ ਪੜ੍ਹਦੇ। ਨੰਗੇਜ ਵਿਖਾ ਕੇ ਸੌਦਾ ਵੇਚਣ ਦਾ ਇਹ ਵੀ ਆਪਣਾ ਢੰਗ ਸੀ। ਮੈਨੂੰ ਮੁਕਸਰ ਦਾ ਮੇਲਾ ਯਾਦ ਆ ਗਿਆ। ਸੰਨ 1961-62 'ਚ ਮੈਂ ਉਥੋਂ ਬੀਐੱਡ ਕੀਤੀ ਸੀ। ਮਾਘੀ ਮੇਲੇ ਦੀ ਰਾਤ ਨੂੰ ਇਕ ਜਮਾਤੀ ਸਾਨੂੰ ਹੋਸਟਲ 'ਚੋਂ ਉਠਾ ਕੇ ਸਰਕਸਾਂ ਤੇ ਜਿੰਦਾ ਡਾਨਸਾਂ ਦੇ ਪੰਡਾਲਾਂ ਵੱਲ ਲੈ ਗਿਆ। ਇਕ ਪੰਡਾਲ ਮੂਹਰੇ ਦਰਸ਼ਕਾਂ ਦਾ ਧੱਕਾ ਪੈ ਰਿਹਾ ਸੀ। ਇਹੋ ਨਜ਼ਾਰਾ ਵੇਖ ਕੇ ਸਾਡੇ ਸਾਥੀ ਨੇ ਸਾਨੂੰ ਅੱਧੀ ਰਾਤ ਆ ਜਗਾਇਆ ਸੀ। ਰਸਤੇ ਵਿਚ ਉਹ ਅੱਖੀਂ ਵੇਖੇ ਨਜ਼ਾਰਿਆਂ ਦੀਆਂ ਸਿਫ਼ਤਾਂ ਸੁਣਾਉਂਦਾ ਆਇਆ ਸੀ। ਅਖੇ ਬਾਹਰ ਫੱਟੇ ਉਤੇ ਨੱਚਦਾ ਖੁਸਰਾ ਹੈਲਨ ਨੂੰ ਵੀ ਮਾਤ ਪਾਈ ਜਾਂਦਾ! ਅੱਖ ਮਾਰ ਕੇ ਅਗਲੇ ਨੂੰ ਪੈਰੋਂ ਕੱਢ ਦਿੰਦੈ!

ਭੀੜ ਵਿਚ ਥਾਂ ਬਣਾਉਂਦੇ ਅਸੀਂ ਅੱਗੇ ਵਧਣ ਲੱਗੇ। ਸਰਕਸ ਦੇ ਵੱਡੇ ਪੰਡਾਲ ਅੱਗੇ ਗੱਡੇ ਫੱਟਿਆਂ 'ਤੇ ਮਧੂ ਬਾਲਾ ਬਣਿਆ ਨਚਾਰ ਨੱਚ ਰਿਹਾ ਸੀ। ਉਹਦੇ ਬੂਟੀਆਂ ਵਾਲਾ ਲਾਲ ਜੰਪਰ ਪਾਇਆ ਹੋਇਆ ਸੀ। ਕਾਲੀ ਚੁੰਨੀ, ਮੂੰਹ 'ਤੇ ਪਾਊਡਰ ਮਲ਼ਿਆ, ਬੁੱਲ੍ਹਾਂ 'ਤੇ ਸੁਰਖ਼ੀ ਲਾਈ ਤੇ ਲੰਮੀ ਗੁੱਤ ਕੀਤੀ ਹੋਈ ਸੀ। ਲਾਊਡ ਸਪੀਕਰ ਦੇ ਗਾਣੇ 'ਤੇ ਨਚਦਾ ਉਹ ਲੱਕ ਲਿਚਕਾਅ ਕੇ ਅੱਖ ਮਾਰਦਾ। ਜਗਦੇ ਗੈਸ ਦੇ ਚਾਨਣ ਵਿਚ ਉਹਦੀਆਂ ਅੱਖਾਂ ਵੀ ਮਤਾਬੀ ਵਾਂਗ ਜਗ ਰਹੀਆਂ ਸਨ। ਉਹਦੇ ਨਾਲ ਅੱਖ ਮਿਲਾਉਣ ਲਈ ਦਰਸ਼ਕ ਇਕ ਦੂਜੇ ਦੇ ਉਤੋਂ ਦੀ ਉਲਰ-ਉਲਰ ਪੈਂਦੇ। ਜੀਹਦੀ ਅੱਖ ਮਿਲ ਜਾਂਦੀ ਤੇ ਜੀਹਨੂੰ ਅੱਖ ਵੱਜ ਜਾਂਦੀ, ਉਹ ਹਿੱਕ 'ਤੇ ਹੱਥ ਧਰ ਕੇ ਆਖਦਾ 'ਹਾਇ' ਤੇ ਪਿੱਛੋਂ ਸਾਥੀਆਂ ਨੂੰ ਕਹਿੰਦਾ, "ਲੈ ਆਪਾਂ ਨੀ ਹੁਣ ਛੇ ਮਹੀਨੇ ਡੋਲਦੇ!" ਤੇ ਉਹ ਟਿਕਟਾਂ ਲੈ ਕੇ ਅੰਦਰਲਾ ਸ਼ੋਅ ਵੇਖਣ ਤੁਰ ਪੈਂਦੇ!

ਚੌਕ 'ਚ ਬੈਨਰ ਚੁੱਕੀ ਖੜ੍ਹੀਆਂ ਉਹ ਅਧਨੰਗੀਆਂ ਅਮਰੀਕਨ ਕੁੜੀਆਂ ਮੈਨੂੰ ਮਾਘੀ ਦੇ ਮੇਲੇ ਦਾ ਹੀ ਰੂਪ ਲੱਗੀਆਂ।

*ਉਥੇ ਐਸ਼ ਆਰਾਮ ਦਾ ਸਿਖਰ ਵੀ ਵੇਖਿਆ ਤੇ ਹਉਕੇ ਲੈਂਦੀਆਂ ਉਦਾਸੀਆਂ ਵੀ ਤੱਕੀਆਂ। ਵਾਰ ਵਾਰ ਖਿਆਲ ਆਇਆ ਕਿ ਅਸਲੀ ਖ਼ੁਸ਼ੀ ਕਿਥੇ ਐ? ਖ਼ੁਸ਼ੀ ਬਾਹਰ ਹੈ ਜਾਂ ਅੰਦਰ? ਖ਼ੁਸ਼ੀ ਅਮੀਰੀ ਤੇ ਡਾਲਰਾਂ ਵਿਚ ਹੋਵੇ ਤਾਂ ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿਚ ਕੋਈ ਗ਼ਮਗੀਨ ਕਿਉਂ ਹੋਵੇ? ਮੇਰੇ ਕੰਨਾਂ ਨੇ ਇਕ ਵਾਰ ਨਹੀਂ ਵਾਰ ਵਾਰ ਸੁਣਿਆ ਕਿ ਅੰਕਲ ਸਾਡਾ ਇਥੇ ਜੀਅ ਨਹੀਂ ਲੱਗਦਾ, ਭਾਅ ਜੀ ਡਾਲਰਾਂ ਨੂੰ ਚੱਟਣਾ ਜੇ ਚਿੱਤ ਈ ਖ਼ੁਸ਼ ਨਾ ਹੋਇਆ? ਤੇ ਅਜਿਹੇ ਬੋਲ ਵੀ ਸੁਣਨ ਨੂੰ ਮਿਲੇ, "ਚੰਗਾ ਖਾਨੇ ਆਂ, ਚੰਗਾ ਪਹਿਨਦੇ ਆਂ, ਕਾਰਾਂ 'ਤੇ ਚੜ੍ਹਦੇ ਆਂ, ਕਿਸੇ ਨੂੰ ਟਿੱਚ ਨੀ ਜਾਣਦੇ। ਹੋਰ ਦੱਸੋ ਕੀ ਵੰਝ ਲੈਣਾ?"

ਸਿਆਣੇ ਸੱਚ ਕਹਿੰਦੇ ਹਨ ਕਿ ਕਿਸੇ ਨੂੰ ਮਾਂਹ ਮਾਫਕ, ਕਿਸੇ ਨੂੰ ਬਾਦੀ। ਅਮਰੀਕਾ-ਕੈਨੇਡਾ ਦੇ ਸੋਹਲੇ ਗਾਉਣ ਵਾਲੇ ਵੀ ਬਥੇਰੇ ਹਨ ਤੇ ਨਿੰਦਣ ਭੰਡਣ ਵਾਲਿਆਂ ਦਾ ਵੀ ਘਾਟਾ ਨਹੀਂ। ਸੂਖਮਭਾਵੀ ਵਿਅਕਤੀ ਉਥੇ ਕੁਝ ਵਧੇਰੇ ਪਰੇਸ਼ਾਨ ਲੱਗੇ ਜਦ ਕਿ ਮੋਟੀ ਬੁੱਧੀ ਵਾਲੇ ਬੜੇ ਖ਼ੁਸ਼ ਤੇ ਢੋਲੇ ਦੀਆਂ ਲਾਉਣ ਵਾਲੇ ਟੱਕਰੇ।

*ਉਥੇ ਤਿੰਨ ਡਬਯੂਆਂ ਦਾ ਕੋਈ ਇਤਬਾਰ ਨਹੀਂ। ਵੋਮੈਨ, ਵੈਦਰ ਤੇ ਵਰਕ। ਅਰਥਾਤ ਤੀਵੀਂ, ਮੌਸਮ ਤੇ ਕੰਮ ਦਾ ਕੋਈ ਵਿਸਾਹ ਨਹੀਂ। ਕੋਈ ਪਤਾ ਨਹੀਂ ਤੀਵੀਂ ਕਦੋਂ ਪਾਸਾ ਵੱਟ ਜਾਵੇ, ਮੌਸਮ ਕਦੋਂ ਖਰਾਬ ਹੋ ਜਾਵੇ ਤੇ ਕੰਮ ਕਦੋਂ ਛੁੱਟ ਜਾਵੇ। ਉਥੇ ਲੋਕ ਬਦਲ ਬਦਲ ਕੇ ਕਈ ਤਰ੍ਹਾਂ ਦੇ ਕਿੱਤੇ ਤੇ ਕਾਰੋਬਾਰ ਕਰਦੇ ਹਨ। ਘਰ ਬਦਲਦੇ ਹਨ, ਵਿਆਹ ਬਦਲਦੇ ਹਨ, ਦੋਸਤ ਕੁੜੀਆਂ ਤੇ ਦੋਸਤ ਮੁੰਡੇ ਬਦਲਦੇ ਹਨ। ਦੋ ਤਿੰਨ ਵਿਆਹ ਹੋਣੇ ਤਾਂ ਆਮ ਜਿਹੀ ਗੱਲ ਹਨ। ਜਿਹੜਾ ਜੋੜਾ 25 ਵਰ੍ਹੇ 'ਕੱਠਾ ਕੱਟ ਜਾਵੇ ਯਾਨੀ ਸਿਲਵਰ ਜੁਬਲੀ ਮਨਾ ਜਾਵੇ, ਉਹਦੀਆਂ ਤਾਂ ਫਿਰ ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਹਨ। ਪੰਜਾਬ ਵਿਚ ਜਿਵੇਂ ਮਰਗ ਦੇ ਭੋਗ ਦਾ ਕਾਰਡ ਛਪਦਾ ਉਵੇਂ ਉਥੇ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਦੇ ਹਨ ਕਿ ਅਸੀਂ ਪੱਚੀ ਸਾਲਾਂ ਤੋਂ ਵਿਆਹੇ ਹੋਏ ਹਾਂ ਤੇ ਫੇਰ ਵੀ ਬੜੇ ਖ਼ੁਸ਼ ਆਂ!

ਅਜਿਹੇ ਇਸ਼ਤਿਹਾਰ ਪੜ੍ਹ ਕੇ ਪਾਠਕ ਉਸ ਜੋੜੇ ਨੂੰ ਹਾਰਦਿਕ ਵਧਾਈਆਂ ਦਿੰਦੇ ਹਨ ਕਿ ਤੁਸੀਂ ਧੰਨ ਹੋ ਜਿਹੜੇ ਏਨਾ ਸਮਾਂ 'ਕੱਠੇ ਕੱਟ ਗਏ! ਉਹ ਸ਼ੁਭ ਕਾਮਨਾਵਾਂ ਭੇਜਦੇ ਹਨ ਕਿ ਤੁਹਾਡੇ 'ਚ ਅੱਗੇ ਜਾ ਕੇ ਵੀ ਫਰਕ ਨਾ ਪਵੇ ਤੇ ਤੁਹਾਡੀ ਗੋਲਡਨ ਜੁਬਲੀ ਮਨਾਉਣ ਤਕ ਬਣੀ ਰਹੇ!

*ਤੜਕਸਾਰ ਸਾਡਾ ਜਹਾਜ਼ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਿਆ। ਜੀਟੀ ਰੋਡ 'ਤੇ ਉਹੀ ਭੀੜਾਂ ਸਨ, ਉਹੀ ਹੌਰਨ ਤੇ ਉਹੀ ਧੂੜਾਂ। ਪੁਰੇ ਦੀ 'ਵਾ ਵਗ ਰਹੀ ਸੀ ਤੇ ਝੋਨੇ ਦੇ ਖੇਤ ਝੂੰਮ ਰਹੇ ਸਨ। ਡਰਾਈਵਰਾਂ ਦੀਆਂ ਗਾਲ੍ਹਾਂ ਸਨ, ਗੱਡੀਆਂ ਦੇ ਝਟਕੇ ਤੇ ਟਰੱਕਾਂ ਦਾ ਉਡਾਇਆ ਘੱਟਾ ਮੁੜ ਮੁੜ ਅੱਖਾਂ 'ਚ ਪੈ ਰਿਹਾ ਸੀ। ਪਰ ਇਹ ਮਿੱਟੀ-ਘੱਟਾ ਆਪਣੇ ਵਤਨ ਦਾ ਸੀ ਇਸ ਲਈ ਅੱਖਾਂ 'ਚ ਪੈਣ ਦੇ ਬਾਵਜੂਦ ਪਿਆਰਾ ਪਿਆਰਾ ਲੱਗ ਰਿਹਾ ਸੀ। ਆਪਣੇਪਣ ਦਾ ਅਜਬ ਅਹਿਸਾਸ ਹੋ ਰਿਹਾ ਸੀ। ਏਥੇ ਆਪਣੀ ਮਿੱਟੀ ਸੀ, ਆਪਣਾ ਪਾਣੀ, ਆਪਣੀ ਧੁੱਪ ਤੇ ਆਪਣੇ ਲੋਕ। ਸੜਕ ਕੰਢੇ ਝੂੰਮਦੇ ਸਫੈਦਿਆਂ ਦੇ ਝੁੰਡ ਪਲ ਦੀ ਪਲ ਇਉਂ ਲੱਗੇ ਜਿਵੇਂ ਉਹ ਸਾਡਾ ਸਵਾਗਤ ਕਰਦੇ ਹੋਣ।

ਦੁਨੀਆ ਲੱਖ ਸੋਹਣੀ ਹੋਵੇ ਪਰ ਉਹ ਕਦੇ ਪਿਆਰੇ ਵਤਨ ਤੋਂ ਸੋਹਣੀ ਨਹੀਂ ਹੋ ਸਕਦੀ। ਖ਼ੈਰ ਇਹ ਟ੍ਰੇਲਰ ਹੈ। ਫਿਲਮ ਕਦੇ ਫੇਰ ਸਹੀ।

principalsarwansingh@gmail.com

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

**ਪਾਸਪੋਰਟ / ਵੀਜ਼ਾ**
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services. Lic.43779

**Vehicle Registration** (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

**Other Services**
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947





Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਅਦਾਰਾ ਲੋਹਮਣੀ ਤੇ ਅੰਤਰਾਸ਼ਟਰੀ ਪਾਠਕ ਮੰਚ ਵੱਲੋਂ ਸ੍ਰੀਮਤੀ ਨਛੱਤਰ ਕੌਰ ਗਿੱਲ ਦੀ ਯਾਦ ਵਿਚ ਸਲਾਨਾ ਸਮਾਗਮ

**ਲੋਹਮਣੀ ਦਾ ਅੰਕ ਅਤੇ ਕਲਾਕਾਰ ਵੱਲੋ ਡਾ. ਸੁਰਜੀਤ ਬਰਾੜ ਵਿਸ਼ੇਸ ਅੰਕ ਰਿਲੀਜ਼, ਸਮਾਗਮ ਵਿਚ ਸੱਤ ਸਾਹਿਤਕ ਪੁਸਤਕਾਂ ਲੋਕ ਅਰਪਣ**

ਮੋਗਾ, 25 ਅਪ੍ਰੈਲ (ਪੋਸਟ ਬਿਊਰੋ): ਬੀਤੇ ਦਿਨ ਅਦਾਰਾ ਲੋਹਮਣੀ ਅਤੇ ਅੰਤਰਰਾਸ਼ਟਰੀ ਲੇਖਕ ਪਾਠਕ ਮੰਚ ਵੱਲੋਂ, ਸਵ: ਨਛੱਤਰ ਕੌਰ ਗਿੱਲ ਦੀ ਯਾਦ ਵਿੱਚ ਸਲਾਨਾ ਸਮਾਗਮ ਅਤੇ ਸਨਮਾਨ ਸਮਾਰੋਹ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਕਰਵ-ਾਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਡਾ ਮੋਹਨ ਤਿਆਗੀ, ਡਾ ਅਰਵਿੰਦਰ ਕੌਰ ਕਾਕੜਾ, ਗੁਰਬਚਨ ਸਿੰਘ ਚਿੰਤਕ, ਕੰਵਰਜੀਤ ਸਿੰਘ ਭੱਠਲ, ਡਾ ਸੁਰਜੀਤ ਬਰਾੜ ਘੋਲੀਆ ਨੂੰ ਸਾਮਲ ਕੀਤਾ ਗਿਆ ਅਤੇ ਪ੍ਰਧਾਨਗੀ ਪ੍ਰਸਿੱਧ ਵਿਅੰਗਕਾਰ ਕੇ ਐਲ ਗਰਗ ਨੇ ਕੀਤੀ। ਮੁੱਖ ਮਹਿਮਾਨ ਡਾ ਮੋਹਨ ਤਿਆਗੀ ਨੇ 'ਸਮਕਾਲੀ ਪ੍ਰਸਥਿਤੀਆਂ ਅਤੇ ਪੰਜਾਬੀ ਕਵਿਤਾ' ਵਿਸ਼ੇ ਉੱਤੇ ਆਪਣਾ ਭਾਸ਼ਨ ਦਿੱਤਾ ਅਤੇ ਬੜੀ ਬਾਰੀਕੀ ਨਾਲ ਵਿਸ਼ੇ ਨੂੰ ਛੂਹਿਆ। ਉਨ੍ਹਾਂ ਕਿਹਾ ਕਿ ਲੇਖਕਾਂ ਨੂੰ ਇਸ ਕਿਸਮ ਦੀ ਕਵਿਤਾ ਰਚਣ ਦੀ ਲੋੜ ਹੈ ਜੋ ਲੋਕਾਈ ਨੂੰ ਚੇਤਨ ਕਰਦੀ ਹੋਵੇ ਅਤੇ ਸਮਾਜ ਨੂੰ ਨਰੋਈ ਸੇਧ ਦਿੰਦੀ ਹੋਵੇ। ਡਾ ਅਰਵਿੰਦਰ ਕੌਰ ਕਾਕੜਾ ਨੇ ਆਪਣੇ ਭਾਸ਼ਨ ਵਿੱਚ ਵਿਸ਼ੇ ਨੂੰ ਅੱਗੇ ਤੋਰਦਿਆਂ ਕਿਹਾ ਕਿ ਅਸਲ ਵਿੱਚ ਕਵਿਤਾ ਉਹ ਹੁੰਦੀ ਹੈ ਜਿਸ ਤੋਂ ਹਨ੍ਹੇਰੇ ਡਰਨ। ਹਨ੍ਹੇਰਿਆਂ ਦੇ ਨਾਲ ਖੜ੍ਹਨ ਵਾਲੀ ਕਵਿਤਾ, ਕਵਿਤਾ ਨਹੀਂ ਹੁੰਦੀ। ਗੁਰਮੇਲ ਸਿੰਘ ਬੌਡੇ ਨੇ ਲੋਹਮਣੀ ਦੇ ਸਫਰ ਅਤੇ ਸਵਰਗੀ ਨਛੱਤਰ ਕੌਰ ਗਿੱਲ ਦੀ ਸ਼ਖ਼ਸੀਅਤ ਬਾਰੇ ਬਾਖ਼ੂਬੀ ਚਾਨਣਾ ਪਾਇਆ। ਡਾ ਸੁਰਜੀਤ ਬਰਾੜ ਘੋਲੀਆ ਨੇ ਲੋਹਮਣੀ ਅਤੇ ਸਮਾਗਮ ਬਾਰੇ ਸੰਖੇਪ ਵਿੱਚ ਚਾਨਣਾ ਪਾਇਆ। ਅਦਾਰੇ ਦੇ ਮੁੱਖ ਅਹੁਦੇਦਾਰ ਜੰਗੀਰ ਖੋਖਰ ਨੇ ਕਿਹਾ ਕਿ ਲੋਹਮਣੀ ਨੂੰ ਅਗੇ ਚਲਾਉਣ ਲਈ ਨਵੀ ਬੀ ਟੀਮ ਦਾ ਗਠਨ ਕਰ ਦਿੱਤਾ ਗਿਆ ਹੈ ਜਿਸ ਵਿੱਚ ਗੁਰਦੀਪ ਲੋਪੋਂ, ਹਰਵਿੰਦਰ ਬਿਲਾ-ਸਪੁਰ, ਚਰਨਜੀਤ ਸਮਾਲਸਰ, ਜੰਗੀਰ ਖੋਖਰ,ਪ੍ਰਿੰਸੀਪਲ ਸੁਖਚੈਨ ਸਿੰਘ ਹੀਰਾ, ਕਰਮਜੀਤ ਕੌਰ ਲੰਡੇ ਕੇ ਆਦਿ ਮੈਂਬਰ ਸ਼ਾਮਿਲ ਕੀਤੇ ਗਏ ਹਨ।





ਸਰੋਤਿਆਂ ਦੀ ਭਰਵੀਂ ਸ਼ਮੂਲੀਅਤ ਵਾਲੇ ਇਸ ਸਮਾਗਮ ਦੌਰਾਨ ਦੋ ਮੈਗਜ਼ੀਨ ਅਤੇ ਸੱਤ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਲੋਹਮਣੀ ਦੇ ਮੈਨੇਜਿੰਗ ਡਾਇਰੈਕਟਰ ਨਛੱਤਰ ਸਿੰਘ ਗਿੱਲ(ਕੈਨੇਡਾ) ਦੀਆਂ ਛੇ ਕਿਤਾਬਾਂ ਕਹਾਣੀ ਚਾਰ ਵਾਕਾਂ ਦੀ, ਕਥਾ ਤਿੰਨ ਅੱਖਰਾਂ ਦੀ, ਕੜਵਾ ਬਦਲਾ, ਚੱਕ ਦੋ ਬਟਾ ਚਾਰ ਅਤੇ ਟੂਰਲੇ ਵਾਲੀ ਪੱਗ, ਨੌਜਵਾਨ ਕਵਿੱਤਰੀ ਕਿਮਰਨ ਕੌਰ ਗਿੱਲ ਦੀ ਕਿਤਾਬ 'ਇਫਤ', ਲੋਹਮਣੀ ਦਾ ਨਵਾਂ ਅੰਕ ਅਤੇ ਮੈਗਜ਼ੀਨ 'ਕਲਾਕਾਰ' ਦਾ ਸੁਰਜੀਤ ਬਰਾੜ ਵਿਸ਼ੇਸ ਅੰਕ ਸ਼ਾਮਿਲ ਹਨ।

ਸਨਮਾਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਡਾ ਮੋਹਨ ਤਿਆਗੀ, ਡਾ ਅਰਵਿੰਦਰ ਕੌਰ ਕਾਕੜਾ, ਗੁਰਬਚਨ ਸਿੰਘ ਚਿੰਤਕ, ਸਮਾਜ ਸੇਵੀ ਅਤੇ ਕਵਿੱਤਰੀ ਡਾ ਸਰਬਜੀਤ ਕੌਰ ਬਰਾੜ, ਅਮਰ ਘੋਲੀਆ ਅਤੇ ਕਿਮਰਨ ਕੌਰ ਦਾ ਵਿਸ਼ੇਸ਼ ਤੌਰ ਤੇ ਲੋਈਆਂ/ਸ਼ਾਲ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਮਨਧੀਰ ਕੌਰ ਮੰਨੂ, ਮਾਲਕ ਅਤੇ ਸੰਚਾਲਕ ਰੇਡੀਓ/ ਟੀ ਵੀ ਆਪਣਾ, ਵਿੰਨੀਪੈਗ ਕਨੇਡਾ ਨੇ ਆਪਣਾ ਲਿਖਤੀ ਸੰਦੇਸ਼ ਭੇਜ ਕੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੰਦਿਆਂ, ਅਦਾਰਾ ਲੋਹਮਣੀ ਨਾਲ ਸਬੰਧਿਤ ਸਾਰੇ ਸਾਹਿਤਕਾਰਾਂ/ਲੇਖਕਾਂ ਨੂੰ ਰੇਡੀਓ/ਟੀ ਵੀ ਆਪਣਾ ਉੱਤੇ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ। ਸਮਾਗਮ ਪਹਿਲੇ ਭਾਗ ਵਿਚ ਚਰਨਜੀਤ ਸਮਾਲਸਰ ਨੇ ਮੰਚ ਸੰਚਾਲਨ ਕੀਤਾ ਤੇ ਸੁਰੂਆਤ ਸੋਨੀ ਮੋਗਾ ਦੇ ਗੀਤ ਨਾਲ ਹੋਈ।

ਸਮਾਗਮ ਦੇ ਦੂਸਰੇ ਭਾਗ ਵਿਚ 'ਕਵੀ ਦਰਬਾਰ' ਦੇ ਮੰਚ ਦਾ ਸੰਚਾਲਨ ਗੁਰਦੀਪ ਲੋਪੋਂ ਨੇ ਬਾਖੂਬੀ ਨਿਭਾਇਆ।ਕਵੀ ਦਰਬਾਰ ਵਿੱਚ ਦਰਸ਼ਨ ਸਿੰਘ ਸੰਘਾ, ਗੁਰਦੇਵ ਸਿੰਘ ਦਰਦੀ, ਸੀਰਾ ਗਰੇਵਾਲ, ਪ੍ਰਸ਼ੋਤਮ ਪੱਤੋ, ਰਾਮ ਸਰੂਪ ਸ਼ਰਮਾ, ਡਾ ਤਰਸਪਾਲ ਕੌਰ ਬਰਨਾਲਾ, ਰਣਜੀਤ ਸਰਾਂਵਾਲੀ, ਧਾਮੀ ਗਿੱਲ, ਗੁਰਪ੍ਰੀਤ ਧਰਮਕੋਟ, ਹਰਜਿੰਦਰ ਕੌਰ ਗਿੱਲ, ਕਰਮ ਸਿੰਘ ਕਰਮ, ਹਰਭਜਨ ਸਿੰਘ ਨਾਗਰਾ, ਤਰਸੇਮ ਗੋਪੀ ਕਾ, ਅਵਤਾਰ ਸਮਾਲਸਰ, ਗੁਰਬਚਨ ਕਮਲ, ਜਸਵੰਤ ਰਾਊਕੇ, ਕਿਮਰਨ ਕੌਰ ਗਿੱਲ, ਜਗਦੀਸ਼ ਸਿੰਘ ਕਮਲ, ਅਮਰੀਕ ਸੈਦੋਕੇ,ਜਗਸੀਰ ਲੁਹਾਰਾ, ਕਮਲਜੀਤ ਧਾਲੀਵਾਲ, ਦਿਲਬਾਗ ਬੁੱਕਣਵਾਲਾ, ਡਾ ਸਰਬਜੀਤ ਕੌਰ ਬਰਾੜ, ਸੁਖਵਿੰਦਰ ਸਿੰਘ ਪਟਿਆਲਾ, ਲਾਲੀ ਟਿੱਬੇ, ਜੋਬਨ ਭੈਰੋਂ ਭੱਟੀ, ਗੁਰ-ਪਿਆਰ ਹਰੀ ਨੌਂ, ਨਿਰਮਲ ਪੱਤੋ, ਪ੍ਰੇਮ ਕੁਮਾਰ, ਅਭਿਰਿਤ ਕੌਰ, ਜੀਵਨ ਸਿੰਘ ਹਾਣੀ, ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ, ਅਮਰਜੀਤ ਸਨੇਰਵੀ, ਲਖਵੀਰ ਕੋਮਲ, ਸ਼ਮਸ਼ੇਰ ਸਿੰਘ ਕੋਟ ਈਸੇ ਖਾਂ, ਆਤਮਾ ਸਿੰਘ ਆਲਮਗੀਰ, ਅਮਰਪ੍ਰੀਤ ਸਮਾਲਸਰ, ਉਜਾਗਰ ਸਿੰਘ ਮਾਨ ,ਸਾਗਰ ਸਫਰੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ ਕੀਤੀਆਂ । ਉਘੇ ਵਿਅੰਗਕਾਰ ਕੇ. ਐਲ ਗਰਗ ਨੇ ਸੰਖੇਪ ਜਿਹੇ ਪ੍ਰਭਾਵਸ਼ਾਲੀ ਪ੍ਰਧਾਨਗੀ ਭਾਸ਼ਨ ਦੌਰਾਨ ਕਿਹਾ ਕਿ ਅਦਾਰਾ ਲੋਹਮਣੀ ਸਾਹਿਤ ਦੇ ਖੇਤਰ ਵਿਚ ਨਿੱਗਰ ਕੰਮ ਕਰ ਰਿਹਾ ਹੈ ਅਤੇ ਇਸ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਅਤੇ ਮਾਨਤਾ ਦੇਣ ਦੀ ਲੋੜ ਹੈ। ਇਸ ਮੌਕੇ ਜਸਵੀਰ ਕਲਸੀ , ਗਿਆਨ ਸਿੰਘ ਸਾਬਕਾ ਡੀਪੀਆਰਓ , ਗੁਰਚਰਨ ਸਿੰਘ ਸੰਘਾ, ਕਰਮਜੀਤ ਕੌਰ ਲੰਢੇਕੇ, ਪਰਮਜੀਤ ਚੂਹੜਚੱਕ , ਬੇਅੰਤ ਸਿੰਘ ਮਾਣੂਕੇ, ਸੁਖਵਿੰਦਰ ਸਿੰਘ ਪਟਿਆਲਾ ਵਿਸ਼ੇਸ ਤੌਰ ਤੇ ਹਾਜ਼ਰ ਸਨ। ਹਰਵਿੰਦਰ ਬਿਲਾਸਪੁਰ ਨੇ ਮਹਿਮਾਨਾਂ ਦਾ ਸਮਾਗਮ ਪਹੁੰਚਣ ਅਤੇ ਰਚਨਾਵਾਂ ਪੇਸ ਕਰਨ ਵਾਲੇ ਲੇਖਕਾਂ ਤੇ ਸ਼ੋਭਾ ਵਧਾਉਣ ਵਾਲੇ ਸਰੋਤਿਆਂ ਦਾ ਧੰਨਵਾਦ ਕੀਤਾ।

The Mortgage Centre
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

# Asian Food Centre

WE'RE HERE TO SERVE ONLY THE BEST PRODUCTS FOR YOU.

FRESH
FRUITS & VEGETABLES

Healthy & fresh grocery



Variety of Indian Sweets Available

OPEN NOW

340 Woodlawn RD
Guelph, N1H 7K6

| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. 416-740-3262 MEAT SHOP AVAILABLE | 1075 Ceremonial Dr 905-502-1600 MEAT SHOP AVAILABLE | 621 Wanless Dr. 905-495-3336 MEAT SHOP AVAILABLE | 2120 N Park Dr. 905-793-1338 MEAT SHOP AVAILABLE | 80 Pertosa Dr. 905-460-0009 |

TOLL FREE
1-800-708-9232

| BRAMPTON | BRAMPTON | BRAMPTON | GUELPH |
|---|---|---|---|
| 40 Airport RD & Lacoste Blvd. 905-794-8109 MEAT SHOP AVAILABLE | 10510 Torbram Rd. 905-790-0030 | 10 Pannahill Dr. 905-913-8017 MEAT SHOP AVAILABLE | 340 Woodlawn Rd W 226-669-0004 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media